ਨਿਤਨੇਮ

(ਉਚਾਰਣ, ਕੋਸ਼ ਅਤੇ ਸਟੀਕ)

ਡਾ. ਓਅੰਕਾਰ ਸਿੰਘ

ਨਿਤਨੇਮ

(ਉਚਾਰਣ, ਕੋਸ਼ ਅਤੇ ਸਟੀਕ)

ਡਾ. ਓਅੰਕਾਰ ਸਿੰਘ

ਪ੍ਰਕਾਸ਼ਕ
ਅਮੈਰਿਕਨ ਸਕੂਲ ਆਫ਼ ਗੁਰਮਤਿ ਸਪਿਰਿਚੁਐਲਿਟੀ
ਕੈਲੀਫੋਰਨੀਆ, ਅਮੈਰਿਕਾ

Nitnem Steek

Writer:
Dr. Onkar Singh
Ph. D.
1840 W MINTON ST.
PHOENIX , AZ 85041 , USA
PHONE: 602-715-0351

© WRITER

PUBLISHED BY:
AMERICAN SCHOOL OF GURMAT SPIRITUALITY INC.
2720 14th ST, RIVERSIDE, CA 92507 USA
PHONE: 714-357-3804

1st Edition: March 2012 1100
2nd Edition: June 2016 1100

PRINTER: New Era Advertising , New Delhi.
E-mail: newera13@rediffmail.com

ਸਮਰਪਣ

ਸਰਬੰਸ ਦਾਨੀ ਦੇ ਲਾਡਲਿਆਂ ਦੀ
ਜਗਾਈ
ਸ਼ਹੀਦੀ ਲੋਅ ਨੂੰ

ਤਤਕਰਾ

ਦੋ ਸ਼ਬਦ:	-6
ਮੁੱਖ ਬੰਧ:	-9
ਜਪੁ ਜੀ ਸਾਹਿਬ	-16
ਜਾਪ ਸਾਹਿਬ	-155
ਤ੍ਵ ਪ੍ਰਸਾਦਿ ਸਵੱਯੇ	-321
ਚੌਪਈ ਸਾਹਿਬ	-
ਅਨੰਦ ਸਾਹਿਬ	-
ਰਹਿਰਾਸ ਸਾਹਿਬ	-
ਸੋਹਿਲਾ	

ਦੋ-ਸ਼ਬਦ

ਕਿਸੇ ਮੁਹਿੰਮ ਨੂੰ ਸਰ ਕਰਨ ਲਈ ਜਦੋਂ ਫੌਜਾਂ ਦਾ ਜਰਨੈਲ ਤਿਆਰੀ ਆਰੰਭਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਉਸ ਮੰਜ਼ਿਲ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ। ਇਸ ਵਿਚ ਆਉਂਦੀਆਂ ਰੁਕਾਵਟਾਂ ਨੂੰ ਕਿਵੇਂ ਪਾਰ ਕਰਨਾ ਹੈ, ਇਸ ਵਾਸਤੇ ਸੰਬੰਧਿਤ ਸਾਧਨਾਂ ਨੂੰ ਇਕੱਤਰ ਕਰਦਾ ਹੈ। ਆਪਣੇ ਸਹਿਯੋਗੀਆਂ ਨੂੰ ਨਕਸ਼ੇ ਆਦਿ ਬਣਾ ਕੇ ਪੂਰਨ ਤੌਰ ਤੇ ਸੁਸਿਖਸ਼ਤ ਕਰਦਾ ਹੈ।

ਜੀਵਨ-ਮੰਜ਼ਿਲ ਦੀ ਪ੍ਰਾਪਤੀ ਲਈ ਗੁਰਸਿਖ ਵੀ ਇਸੇ ਵਿਧੀ-ਵਿਧਾਨ ਅਨੁਸਾਰ ਆਪਣੇ ਸਫ਼ਰ ਦੀ ਆਰੰਭਤਾ ਕਰਦਾ ਹੈ। ਗੋਬਿੰਦ ਮਿਲਣ ਦੀ ਪ੍ਰਾਪਤੀ ਗੁਰਸਿਖ ਦਾ ਜੀਵਨ-ਮਨੋਰਥ ਹੈ। *'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥'* ਵਿਚ ਇਸ ਵਲ ਸੰਕੇਤ ਕੀਤਾ ਗਿਆ ਹੈ। ਸਕਲ ਧਰਮ ਮਹਿ ਗ੍ਰਿਹਿਸਥ ਪ੍ਰਧਾਨ ਵਾਲੀ ਘਾਲਣਾ ਨੂੰ ਇਸ ਵਾਸਤੇ ਆਦਰਸ਼ ਮਿਥਿਆ ਹੈ। *'ਵਿਚੇ ਗ੍ਰਿਹਿ ਸਦਾ ਰਹੈ ਉਦਾਸੀ, ਜਿਉ ਕਮਲ ਰਹੈ ਵਿਚ ਪਾਣੀ ਹੇ॥'* ਇਸ ਆਦਰਸ਼ ਦੀ ਵਿਆਖਿਆ ਹੈ। ਜੀਵਨ-ਮਨੋਰਥ ਨੂੰ ਚੇਤੇ ਵਿਚ ਰਖਦਿਆਂ ਹਰ ਨਿਤ-ਨਵੇਂ ਦਿਨ ਨੂੰ ਗੁਰਬਾਣੀ-ਅਸੀਸ ਨਾਲ ਆਰੰਭ ਕਰਨਾ ਹੀ ਗੁਰਸਿਖ ਦਾ ਨਿੱਤਨੇਮ ਹੈ।

ਜਿਵੇਂ ਭੋਜਨ ਬਿਨਾਂ ਸਰੀਰ ਨਿਰਬਲ ਹੋ ਜਾਂਦਾ ਹੈ, ਇਵੇਂ ਹੀ ਨਿਤਨੇਮ ਦੀ ਬਾਣੀ ਬਿਨਾਂ ਗੁਰਸਿੱਖ ਦੇ ਜੀਵਨ ਵਿਚ ਵਿਕਾਰਾਂ ਦੇ ਵਾਵਰੋਲੇ ਉਠਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਜਿਹੜੇ ਉਸ ਨੂੰ ਮਹਾਂ-ਅੰਧਕਾਰ ਵਲ ਧੂਹ ਕੇ ਲਿਜਾ ਸਕਦੇ ਹਨ। ਪ੍ਰਾਪਤੀ ਵਾਲੇ ਮਹਾਂ-ਪੁਰਸ਼ਾਂ ਦੇ ਬਚਨ ਹਨ ਕਿ ਨਿਤਨੇਮ ਤੇ ਰਹਿਤ ਗੁਰਸਿਖੀ ਦਾ ਮੂਲ ਹਨ। ਨਿਤਨੇਮ ਦੀ ਬਾਣੀ ਦਾ ਉਪਦੇਸ਼ ਚਾਨਣ ਹੈ। ਮੰਜ਼ਿਲ ਦੀ ਪ੍ਰਾਪਤੀ ਲਈ ਰਹਿਤ-ਬਹਿਤ ਵਾਲਾ ਜੀਵਨ ਅਤੇ ਬਾਣੀ ਦੀ ਲੋਅ ਸਹਾਈ ਬਣਦੇ ਹਨ। ਸਚਖੰਡ ਵਿਚ ਵਸਦੇ ਨਿਰੰਕਾਰ ਨਾਲ ਅਭੇਦਤਾ ਹੁੰਦੀ ਹੈ।

ਸਤਿਗੁਰੂ ਸਾਹਿਬਾਨ ਅਤੇ ਖਾਲਸਾ ਪੰਥ ਵਲੋਂ ਜੋ ਨਿਤਨੇਮ ਦੀਆਂ ਬਾਣੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ, ਉਹਨਾਂ ਦਾ ਸਹੀ ਤੇ ਸ਼ੁੱਧ ਪਾਠ ਉਚਾਰਣ ਕਰਨਾ ਅਤਿਅੰਤ ਜ਼ਰੂਰੀ ਹੈ। ਸ਼ੁਧ-ਉਚਾਰਣ ਨਾਲ ਅਰਥਾਂ ਦਾ ਬੋਧ ਸੁਖਾਲਿਆਂ ਹੀ ਹੋ ਜਾਂਦਾ ਹੈ।

ਪੰਥਕ ਰਹਿਤ ਮਰਿਯਾਦਾ ਅਨੁਸਾਰ ਨਿਤਨੇਮ ਭਾਵੇਂ ਗੁਰਸਿਖ ਸਖਸ਼ੀ ਰਹਿਣੀ ਦਾ ਅੰਗ ਹੈ, ਪਰ ਜਦੋਂ ਗੁਰਸਿਖ ਸੰਗਤੀ ਰੂਪ ਵਿਚ ਮਿਲ ਬੈਠ ਕੇ ਨਿਤਨੇਮ ਕਰਦੇ ਹਨ ਤਾਂ ਵਧੇਰੇ ਲਾਹਾ ਪ੍ਰਾਪਤ ਹੁੰਦਾ ਹੈ। ਉਕਾਈਆਂ ਦਰੁਸਤ ਹੋਣ ਦੇ ਨਾਲ ਨਾਲ ਉਤਸ਼ਾਹ ਵਿਚ ਵੀ ਵਾਧਾ ਹੁੰਦਾ ਹੈ। 'ਇਕ ਦੂ ਇਕਿ ਚੜ੍ਹੰਦੀਆ...' ਦੇਖ ਕੇ ਹਉਮੈ ਰੋਗ ਵੀ ਘਟਦਾ ਹੈ।

ਪਿਛਲੇ ਲਗਪਗ ੧੦ ਸਾਲਾਂ ਤੋਂ ਕੈਲੀਫੋਰਨੀਆ ਦੇ ਸ਼ਹਿਰ ਬੁਇਨਾ ਪਾਰਕ ਵਿਚਲੇ ਗੁਰਦੁਆਰਾ ਸਾਹਿਬ ਵਿਖੇ ਹਰ ਐਤਵਾਰ ਅੰਮ੍ਰਿਤ ਵੇਲੇ ਨਿਤਨੇਮ ਦਾ ਪ੍ਰੋਗਰਾਮ ਨਿਰੰਤਰ ਚਲ ਰਿਹਾ ਹੈ। ਨਾਮ-ਅਭਿਆਸ, ਪੰਜੇ ਬਾਣੀਆਂ ਵਿਚਲੀ ਇੱਕ ਇੱਕ ਪਉੜੀ ਦਾ ਪਾਠ ਵਾਰੋ-ਵਾਰੀ ਅਤੇ ਲੜੀਵਾਰ ਨਿਤਨੇਮ ਦੀਆਂ ਬਾਣੀਆਂ ਦੀ ਵੀਚਾਰ ਗੁਰਸਿਖ ਵੀਰ ਭੈਣ ਰਲ ਕੇ ਕਰਦੇ ਆ ਰਹੇ ਹਨ।

ਪਿਛਲੇ ਦੋ ਸਾਲ ਤੋਂ ਡਾ. ਓਅੰਕਾਰ ਸਿੰਘ ਜੀ ਨੇ ਇਸ ਗੁਰਦੁਆਰਾ ਸਾਹਿਬ ਨਾਲ ਸਬੰਧਿਤ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਖਾਲਸਾ ਸਕੂਲ ਵਿਖੇ ਪ੍ਰਿੰਸੀਪਲ ਦੀ ਸੇਵਾ ਬੜੀ ਸਫਲਤਾ ਨਾਲ ਨਿਭਾਹੀ ਹੈ। ਸਕੂਲ ਦੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਪੰਜਾਬੀ ਭਾਸ਼ਾ ਦੀ ਸਿਖਿਆ ਦੇਣ ਦੇ ਨਾਲ ਨਾਲ ਉਹ ਨਿਤਨੇਮੀ ਸੰਗਤ ਦਾ ਵੀ ਨਿਰੰਤਰ ਅੰਗ ਬਣੇ ਰਹੇ ਹਨ। ਡਾ. ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਟੀਕ, ਸਹੀ ਉਚਾਰਣ ਅਤੇ ਸ਼ਬਦ ਕੋਸ਼, ਨਵੀਆਂ ਲੀਹਾਂ ਤੇ ਕਰਨ ਦਾ ਕਾਰਜ ਪਿਛਲੇ ਲੰਬੇ ਸਮੇਂ ਤੋਂ ਆਰੰਭਿਆ ਹੋਇਆ ਹੈ। ਇਸ ਨੂੰ ਅੰਗਰੇਜ਼ੀ ਵਿਚ ਅਨੁਵਾਦਿਤ ਕਰਵਾਉਣ ਦਾ ਕੰਮ ਵੀ ਨਾਲੋ ਨਾਲ ਚਲ ਰਿਹਾ ਹੈ। ਗੁਰਸਿਖ ਪ੍ਰੇਮੀਆਂ ਦੇ ਬੇਨਤੀ ਕਰਨ ਤੇ ਉਨ੍ਹਾਂ ਨੇ ਬਹੁਤ ਮਿਹਨਤ ਤੇ ਲਗਨ ਨਾਲ ਨਿਤਨੇਮ ਸਟੀਕ ਦੀ ਹਥਲੀ ਪੋਥੀ ਤਿਆਰ ਕਰਨ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਹੈ।

ਗੁਰ-ਉਪਦੇਸ਼ ਨੂੰ ਦੇਸ਼ਾਂ ਵਿਦੇਸ਼ਾਂ ਵਿਚ ਪਰਚਾਰਨ ਦੀ ਸੇਵਾ ਵਿਚ ਹਿੱਸਾ ਪਾਉਣ ਲਈ ਬਣਾਈ ਗਈ ਸੰਸਥਾ; 'AMERICAN SCHOOL OF GURMAT SPIRITUALITY INC.' ਇਸ ਸਟੀਕ ਨੂੰ ਛਾਪਣ ਦੀ ਸੇਵਾ ਲੈਕੇ ਮਾਣ ਮਹਿਸੂਸ ਕਰ ਰਹੀ ਹੈ। ਮੇਰਾ ਵਿਸ਼ਵਾਸ਼ ਹੈ ਕਿ ਗੁਰਮਤਿ ਪ੍ਰੇਮੀਆਂ ਲਈ ਨਿਤਨੇਮ ਦੀਆਂ ਬਾਣੀਆਂ ਦੇ ਸ਼ੁਧ-ਉਚਾਰਣ ਅਤੇ ਵਿਚਾਰਨ

ਵਿਚ ਇਹ ਨਿਤਨੇਮ ਸਟੀਕ ਅਵੱਸ਼ ਹੀ ਸਹਾਈ ਹੋਵੇਗਾ। ਮੇਰੀ ਅਰਦਾਸ ਹੈ ਕਿ ਘਰ ਘਰ ਅੰਦਰ ਧਰਮਸਾਲ ਬਣਕੇ ਨਿਤਨੇਮੀ-ਸੰਗਤਾਂ ਸਥਾਪਿਤ ਹੋਣ ਤੇ ਪੰਥ ਦੀ ਚੜ੍ਹਦੀ ਕਲਾ ਦੇ ਜੈਕਾਰੇ ਸਰਬੱਤ ਸੰਸਾਰ ਤੇ ਗੂੰਜਣ।

ਗੁਰੂ ਸੰਗਤਾਂ ਦਾ ਦਾਸ
ਗੁਰਬਚਨ ਸਿੰਘ(ਪ੍ਰੋ:)
ਕੈਲੀਫੋਰਨੀਆ,ਅਮਰੀਕਾ

ਮੁਖ-ਬੰਦ

ਨੇਮ ਬ੍ਰਹਿਮੰਡੀ-ਸੱਚ ਦਾ ਮੂਲ ਹੈ। ਮਹਾਂ-ਬਾਣੀ ਵਿਚ ਇਸ ਦਾ ਵਿਸਥਾਰ ਦਸਿਆ ਗਿਆ ਹੈ। ਆਸਾ ਦੀ ਵਾਰ ਵਿਚ ਇਸ ਨੂੰ ਭੈ ਦੀ ਸੰਗਿਆ ਦਿੱਤੀ ਗਈ ਹੈ:

ਭੈ ਵਿਚ ਸੂਰਜ ਭੈ ਵਿਚ ਚੰਦ ਕੋਹ ਕਰੋੜੀ ਚਲਤ ਨ ਅੰਤ...

ਹਰ ਧਰਮ ਅਤੇ ਸਮਾਜਿਕ ਜੀਵਨ ਦਾ ਆਧਾਰ ਵੀ ਨੇਮ ਹੀ ਹੈ, ਕਿਉਂਕਿ ਜੀਵਨ ਦੀ ਗਤੀ ਇਸ ਤੋਂ ਬਿਨਾਂ ਸੰਭਵ ਹੀ ਨਹੀਂ। ਬੇਸੰਜਮੀ ਜ਼ਿੰਦਗੀ ਦੇ ਨਤੀਜੇ ਕਦੀ ਵੀ ਸਾਰਥਕ ਨਹੀਂ ਹੋ ਸਕਦੇ। ਧਰਮ ਵਿਚ ਤਾਂ ਇਹ ਮੂਲੋਂ ਹੀ ਅਸੰਭਵ ਹੈ, ਕਿਉਂਕਿ ਧਰਮ ਨੇ ਹੀ ਮਨੁੱਖੀ ਜੀਵਨ ਨੂੰ ਸੰਪੂਰਨਤਾ ਬਖਸ਼ਣੀ ਹੈ। ਸੰਪੂਰਨਤਾ ਦੇ ਸਫ਼ਰ ਲਈ ਨੇਮ-ਬੱਧ ਜ਼ਿੰਦਗੀ ਜਿਉਣੀ ਅਤਿ ਆਵਸ਼ਕ ਹੈ। ਇਸੇ ਵਿਚੋਂ ਹੀ ਨੈਤਿਕਤਾ ਅਤੇ ਸਦਾਚਾਰਿਕ ਮਾਨਸਿਕਤਾ ਵਿਕਸਿਤ ਹੋਣੀ ਹੈ। ਸਿੱਖ ਜੀਵਨ ਜਾਚ ਵਿਚ ਧਰਮ-ਸਾਧਕਾਂ ਲਈ ਇਨ੍ਹਾਂ ਨੇਮਾਂ ਨੂੰ ਰਹਿਤ ਦੀ ਸੰਗਿਆ ਦਿੱਤੀ ਗਈ ਹੈ। ਜੁਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਭਾਈ ਗੁਰਦਾਸ ਜੀ ਦੀ ਬਾਣੀ, ਭਾਈ ਨੰਦ ਲਾਲ ਜੀ ਦੀ ਬਾਣੀ ਅਤੇ ਸਿੱਖ ਰਹਿਤਨਾਮਿਆਂ ਵਿਚ ਇਸ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਗਿਆ ਹੈ। ਸਤਿਗੁਰੂ ਰਾਮਦਾਸ ਜੀ ਦਾ ਗਉੜੀ ਰਾਗ ਵਿਚ ਫੁਰਮਾਨ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ

ਬਹਦਿਆ ਉਠਦਿਆ ਹਰਿਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥

ਆਦਿ ਸਤਿਗੁਰੂ ਨਾਨਕ ਦੇਵ ਜੀ ਵਲੋਂ ਸਿੱਖੀ ਦੇ ਆਰੰਭ ਵਿਚ ਹੀ ਨਿਤ-ਨੇਮ ਦੀ ਮਰਿਯਾਦਾ ਬਾਰੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਜ਼ਿਕਰ ਕੀਤਾ ਹੋਇਆ ਹੈ:

ਸੋ ਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ....॥

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਨਿੱਤਨੇਮ ਦੀਆਂ ਬਾਣੀਆਂ ਨਾਲ ਹੁੰਦੀ ਹੈ। ਇਸ ਨਾਲ ਵੀ ਸਿੱਖ ਜੀਵਨ ਜਾਚ ਅੰਦਰ ਨਿੱਤਨੇਮ ਦੀ ਮਹੱਤਤਾ ਸਾਹਮਣੇ ਆਉਂਦੀ ਹੈ। ਪੰਚਮ ਗੁਰਦੇਵ ਸਤਿਗੁਰੂ ਅਰਜਨ ਦੇਵ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਨਿਤਨੇਮ ਦੀਆਂ ਬਾਣੀਆਂ ਦੀ ਸੰਪਾਦਨਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ ਹੀ ਇਨ੍ਹਾਂ ਨੂੰ ਅੰਕਿਤ ਕੀਤਾ ਗਿਆ ਹੈ। ਇਸ ਵਿਚ ਜਪੁ, ਸੋ ਦਰੁ ਦੇ ੯ ਸ਼ਬਦ ਅਤੇ ਸੋਹਿਲਾ ਸਾਹਿਬ ਦੀਆਂ ਬਾਣੀਆਂ ਸ਼ਾਮਿਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੋਣ ਨਾਲ ਨਿੱਤਨੇਮ, ਸਿੱਖ ਜੀਵਨ ਜਾਚ ਦਾ ਅਨਿੱਖੜਵਾਂ ਅੰਗ ਬਣ ਗਿਆ, ਭਾਵ ਕਿ ਇਹ ਖਾਲਸਾ ਜੀਵਨ-ਜਾਚ ਦੇ ਸੂਤਰਧਾਰ ਰੂਪ ਵਿਚ ਸਥਾਪਤ ਹੋ ਗਿਆ।

ਸ਼੍ਰੋਮਣੀ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਸਿੱਖ ਰਹਿਤ ਬਾਰੇ ਇਉਂ ਦਰਸਾਉਂਦੇ ਹਨ ਕਿ:

ਅੰਮ੍ਰਿਤ ਵੇਲੇ ਉਠਿ ਕੈ
ਜਾਇ ਅੰਦਰਿ ਦਰੀਆਉ ਨ੍ਹਵੰਦੇ॥
ਸਹਿਜ ਸਮਾਧਿ ਅਗਾਧਿ ਵਿਚਿ
ਇਕ ਮਨ ਹੋਇ ਗੁਰ ਜਾਪੁ ਜਪੰਦੇ॥
ਮਥੈ ਟਿਕੇ ਲਾਲ ਲਾਇ
ਸਾਧ ਸੰਗਤਿ ਚਲਿ ਜਾਇ ਬਹੰਦੇ॥
ਸਬਦੁ ਸੁਰਤਿ ਲਿਵਲੀਣੁ ਹੋਇ
ਸਤਿਗੁਰ ਬਾਣੀ ਗਾਇ ਸੁਣੰਦੇ॥

ਭਾਇ ਭਗਤ ਭੈ ਵਰਤਮਾਨ
ਗੁਰ ਸੇਵਾ ਗੁਰਪੁਰਬ ਕਰੰਦੇ॥
ਸੰਝੈ ਸੋਦਰੁ ਗਾਵਣਾ
ਮਨ ਮੇਲੀ ਕਰਿ ਮੇਲਿ ਮਿਲੰਦੇ॥
ਰਾਤੀ ਕੀਰਤਿ ਸੋਹਿਲਾ
ਕਰਿ ਆਰਤੀ ਪਰਸਾਦੁ ਵੰਡੰਦੇ॥
ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥

੧੬੯੯ ਦੀ ਵਿਸਾਖੀ ਨੂੰ ਅਨੰਦਪੁਰ ਦੀ ਇਨਕਲਾਬੀ ਧਰਤੀ ਤੇ ਜਦੋਂ ਮਨੁੱਖ ਦੇ ਸੰਪੂਰਨ ਹੋਣ ਦੀ ਕਹਾਣੀ ਪੂਰੀ ਹੋਈ ਤਾਂ ਦਸਮ ਪਾਤਸ਼ਾਹ ਹਜ਼ੂਰ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਜਿਹੜੀਆਂ ਪੰਜਾਂ ਬਾਣੀਆਂ ਦਾ ਪਾਠ ਕੀਤਾ ਸੀ, ਇਤਿਹਾਸ ਉਨ੍ਹਾਂ ਦੇ ਨਾਵਾਂ ਦਾ ਵੇਰਵਾ ਇਸ ਤਰ੍ਹਾ ਦਿੰਦਾ ਹੈ:

੧. ਜਪੁ ੨. ਜਾਪੁ ੩. ਸਵੱਈਏ

੪. ਚੌਪਈ ੫. ਅਨੰਦ

ਇਸ ਉਪਰੰਤ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮਕਾਲੀ ਗੁਰਸਿੱਖਾਂ ਨੇ ਖਾਲਸਾ ਰਹਿਤ ਦਾ ਜ਼ਿਕਰ ਵੱਖੋ ਵੱਖਰੇ ਰਹਿਤਨਾਮਿਆਂ ਵਿਚ ਕੀਤਾ ਹੈ। ਸਾਹਿਬ ਜੀ ਦੇ ਅਨਿੰਨ ਸਿੱਖ ਮਹਾਨ ਵਿਦਵਾਨ ਭਾਈ ਨੰਦ ਲਾਲ ਜੀ ਸਿੱਖ ਰਹਿਤ ਦਾ ਜ਼ਿਕਰ ਇਉਂ ਕਰਦੇ ਹਨ:

ਗੁਰਸਿਖ ਰਹਿਤ ਸੁਨਹੁ ਹੇ ਮੀਤ॥ ਪਰਭਾਤੇ ਉਠਿ ਕਰ ਹਿਤ ਚੀਤ॥
ਵਾਹਗੁਰੁ ਗੁਰਮੰਤ੍ਰ ਸੁ ਜਾਪ॥ ਕਰਿ ਇਸਨਾਨ ਪੜ੍ਹੈ ਜਪੁ ਜਾਪੁ॥
ਸੰਧਯਾ ਸਮੇ ਸੁਨੇ ਰਹਰਾਸਿ॥ ਕੀਰਤਨ ਕਥਾ ਸੁਨੇ ਹਰਿਯਾਸ॥
ਇਨ ਮੇ ਨੇਮ ਜੁ ਏਕ ਕਰਾਇ॥ ਸੋ ਸਿਖ ਅਮਰ ਪੁਰੀ ਮੇ ਜਾਇ॥

ਕਲਗੀਧਰ ਪਾਤਸ਼ਾਹ ਦੇ ਸਿਦਕੀ ਸਿੱਖ ਅਤੇ ਅਮਰ ਸ਼ਹੀਦ ਭਾਈ ਮਨੀ ਸਿੰਘ ਵਾਲੀ ਜਨਮਸਾਖ਼ੀ ਵਿਚ ਪੰਨਾ ੪੬੮ ਉੱਤੇ ਆਦਿ ਸਤਿਗੁਰੂ ਨਾਨਕ ਦੇਵ ਜੀ ਵਲੋਂ ਕਰਤਾਰ ਪੁਰ ਸਾਹਿਬ ਵਿਖੇ ਹੁੰਦੇ ਨਿਤ-ਨੇਮ ਬਾਰੇ ਇਉਂ ਜ਼ਿਕਰ ਆਉਂਦਾ ਹੈ:

"...ਕਰਤਾਰਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਉਪਰੰਤ ਕੀਰਤਨ ਹੋਵੇ, ਅਰ ਉਪਰੰਤ ਕੀਰਤਨ ਹੋਵੇ ਅਰ ਫੇਰ ਆਰਤੀ ਪੜ੍ਹੀਏ, ਅਰ ਤੀਸਰੇ ਪਹਿਰ ਫਿਰ ਕੀਰਤਨ ਕਰੀਏ, ਅਰ ਸੰਧਿਆ ਮੈ ਰਹਿਰਾਸ ਪੜ੍ਹੀਏ, ਅਰ ਫੇਰ ਕੀਰਤਨ ਗਾਵੀਏ ਅਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਫੇਰ ਪਿਛਲੀ ਰਾਤ ਜਪੁ ਪੜ੍ਹੀਐ ਅਰ ਆਸਾ ਦੀ ਵਾਰ ਪੜ੍ਹੀਏ...॥"

ਇਵੇਂ ਹੀ ਹੋਰ ਸਮਕਾਲੀ ਗੁਰਸਿੱਖਾਂ ਨੇ ਜਿਵੇਂ ਜਿਵੇਂ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਰਹਿੰਦਿਆਂ ਖਾਲਸਾ-ਰਹਿਤ ਦਾ ਅਨੁਭਵ ਕੀਤਾ ਉਸ ਦਾ ਜ਼ਿਕਰ ਉਨ੍ਹਾਂ ਵਲੋਂ ਰਚਿਤ ਰਹਿਤਨਾਮਿਆਂ ਵਿਚ ਕੀਤਾ ਹੋਇਆ ਮਿਲਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਵਲੋਂ ਇਨ੍ਹਾਂ ਸਾਰੇ ਰਹਿਤਨਾਮਿਆਂ ਦੀ ਸੰਪਾਦਨਾ ਕੀਤੀ ਗਈ ਹੈ।

੧੯੩੨ ਵਿਚ ਗੁਰੂ ਖਾਲਸਾ ਪੰਥ ਵਲੋਂ ਲੰਬੇ ਸਮੇਂ ਦੇ ਵਿਚਾਰ ਵਟਾਂਦਰੇ ਉਪਰੰਤ ਸਿੱਖ ਰਹਿਤ ਮਰਿਯਾਦਾ ਦਾ ਖਰੜਾ ਤਿਆਰ ਕਰਕੇ, ਪੰਥ ਦੀ ਸ਼੍ਰੋਮਣੀ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਗਿਆ, ਜਿਸ ਨੂੰ ੧੯੩੬ ਵਿਚ ਇਸ ਸੰਸਥਾ ਦੇ ਜਨਰਲ ਇਜਲਾਸ ਵਿਚ ਪ੍ਰਵਾਨਗੀ ਦਿੱਤੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਵੀ ਇਸ ਨੂੰ ਪ੍ਰਵਾਨਗੀ ਬਖਸ਼ੀ ਗਈ। ਇਸ ਅਨੁਸਾਰ ਹਰ ਅੰਮ੍ਰਿਤਧਾਰੀ ਸਿੱਖ ਲਈ ਘੱਟੋ ਘੱਟ ਬਾਣੀਆਂ ਦੇ ਰੋਜ਼ਾਨਾ ਨਿੱਤ-ਨੇਮ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਗਿਆ ਹੈ:

ਅੰਮ੍ਰਿਤ ਸੰਚਾਰ ਦੀਆਂ ਬਾਣੀਆਂ:

> *ਜਪੁ, ਜਾਪੁ, ੧੦ ਸਵੱਯੇ (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ (ਹਮਰੀ ਕਰੋ ਹਾਥ ਦੇ ਰੱਛਾ ਤੋਂ ਲੈ ਕੇ ਦੁਸਟ ਦੋਖ ਤੇ ਲੇਹੁ ਬਚਾਈ ਤਕ), ਅਨੰਦ ਸਾਹਿਬ ।*

ਅੰਮ੍ਰਿਤ ਵੇਲੇ ਦੇ ਨਿਤਨੇਮ ਦੀਆਂ ਬਾਣੀਆਂ:

> *ਜਪੁ, ਜਾਪੁ ਅਤੇ ੧੦ ਸਵੱਯੇ (ਸ੍ਰਾਵਗ ਸੁਧ ਵਾਲੇ)*

ਸੰਧਿਆ ਵੇਲੇ ਦਾ ਨਿਤਨੇਮ:

ਸੋ ਦਰੁ ਰਹਿਰਾਸ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ (ਸੋਦਰੁ ਤੋ ਲੈ ਕੇ ਸ਼ਰਣਿ ਪਰੇ ਕੀ ਰਾਖਹੁ ਸਰਮਾ ਤਕ), ਬੇਨਤੀ ਚੌਪਈ ਪਾਤਸ਼ਾਹੀ ੧੦ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸਟ ਦੋਖ ਤੇ ਲੇਹੁ ਬਚਾਈ ਤਕ, ਸਵੱਯਾ (ਪਾਂਇ ਗਹੇ ਜਬ ਤੇ ਤੁਮਰੇ) ਅਤੇ ਦੋਹਰਾ (ਸਗਲ ਦੁਆਰ ਕਉ ਛਾਡਿ ਕੈ) ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ ੫ "ਤੇਰਾ ਕੀਤਾ ਜਾਤੋ ਨਾਹੀ॥"

ਸੌਣ ਤੋਂ ਪਹਿਲਾਂ ਦਾ ਨਿਤਨੇਮ:

ਸੋਹਿਲਾ

ਸਮੂਹ ਨਾਨਕ ਨਾਮ ਲੇਵਾ ਗੁਰਸਿੱਖਾਂ ਵਲੋਂ ਇਸ ਨਿੱਤ ਦੇ ਕਰਮ ਨੂੰ ਪੂਰਨ ਵਿਸ਼ਵਾਸ਼ ਨਾਲ ਨਿਭਾਉਣ ਦਾ ਯਤਨ ਕੀਤਾ ਜਾਂਦਾ ਹੈ। ਪਰ ਪਿਛਲੇ ਲੰਬੇ ਸਮੇਂ ਤੋਂ ਦੇਸ਼ ਵਿਦੇਸ਼ ਵਿਚ ਸਿੱਖ ਸੰਗਤਾਂ ਅੰਦਰ ਵਿਚਰਦਿਆਂ ਇਹ ਮਹਿਸੂਸ ਹੋਇਆ ਹੈ ਕਿ ਇਨ੍ਹਾਂ ਬਾਣੀਆਂ ਦਾ ਨਿਤਨੇਮ ਕਰਦਿਆਂ ਬਹੁਤ ਘੱਟ ਗੁਰਸਿੱਖਾਂ ਵਲੋਂ ਨਿਤਨੇਮ ਦੀਆਂ ਬਾਣੀਆਂ ਦੇ ਉਚਾਰਣ ਅਤੇ ਅਰਥਾਂ ਵਲ ਧਿਆਨ ਦਿੱਤਾ ਜਾਂਦਾ ਹੈ। ਇਸ ਨਾਲ ਨਿੱਤ ਦਾ ਕਰਮ ਤਾਂ ਜ਼ਰੂਰ ਪੂਰਾ ਹੋ ਜਾਂਦਾ ਹੈ, ਪਰ ਬਾਣੀ ਵਿਚ ਦਰਸਾਈ ਜੀਵਨ-ਜੁਗਤ ਨੂੰ ਸਮਝਣ ਅਤੇ ਜ਼ਿੰਦਗੀ ਵਿਚ ਅਮਲਾਉਣ ਤੋਂ ਸ਼ਾਇਦ ਅਸੀਂ ਵਾਂਝੇ ਰਹਿ ਜਾਂਦੇ ਹਾਂ ਅਤੇ ਨਤੀਜੇ ਉਹ ਨਹੀਂ ਨਿਕਲਦੇ ਜੋ ਨਿਕਲਣੇ ਚਾਹੀਦੇ ਹਨ। ਇਸ ਲੋੜ ਵਿਚੋਂ ਹੀ ਇਸ ***ਨਿਤਨੇਮ ਸਟੀਕ*** ਦਾ ਨਿਮਾਣਾ ਜਿਹਾ ਯਤਨ ਸਿੱਖ ਸੰਗਤਾਂ ਦੀ ਸੇਵਾ ਵਿਚ ਸਮਰਪਿਤ ਹੈ।

ਇਸ ਸਟੀਕ ਵਿਚਲੀ ਬਾਣੀ ਦਾ ਆਧਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪੇ ਗੁਟਕੇ ਨੂੰ ਹੀ ਬਣਾਇਆ ਗਿਆ ਹੈ।

ਬਾਣੀ-ਪਾਠਕਾਂ ਦੀ ਸਹੂਲਤ ਲਈ ਹੇਠ ਲਿਖੇ ਅਨੁਸਾਰ ਤਰਤੀਬ ਦੇਣ ਦੇ ਯਤਨ ਕੀਤੇ ਗਏ ਹਨ:

੧. ਮੂਲ ਬਾਣੀ ਦੇ ਨਾਲ ਹੀ ਉਚਾਰਣ ਸੰਬੰਧੀ ਸੰਕੇਤ ਬਰੈਕਟਾਂ ਅੰਦਰ ਛੋਟੇ ਅੱਖਰਾਂ ਵਿਚ ਦੇਣ ਦਾ ਯਤਨ ਕੀਤਾ ਗਿਆ ਹੈ।

੨. ਪਾਠ ਕਰਦਿਆਂ ਹਰ ਸ਼ਬਦ ਦੇ ਅਰਥ ਦੀ ਸਪਸ਼ਟਤਾ ਲਈ ਉਸ ਦੇ ਥਲੇ ਹੀ ਉਸ ਦਾ ਅਰਥ ਦਿੱਤਾ ਗਿਆ ਹੈ ਤਾਂ ਕਿ ਉਸ ਸ਼ਬਦ ਨੂੰ ਸਮਝਣ ਲਈ ਕੋਈ ਹੋਰ ਸ਼ਬਦ ਕੋਸ਼ ਵਾਚਣ ਦੀ ਲੋੜ ਮਹਿਸੂਸ ਨਾ ਹੋਵੇ।

੩. ਹਰ ਪੰਕਤੀ ਦੇ ਥਲੇ ਹੀ ਉਸ ਦੇ ਅਰਥ ਦਿੱਤੇ ਗਏ ਹਨ ਤਾਂਕਿ ਸ਼ਬਦ ਅਰਥਾਂ ਦੇ ਨਾਲ ਹੀ ਉਸ ਪੰਕਤੀ ਦੇ ਸਮੁੱਚੇ ਅਰਥ ਵੀ ਸਪਸ਼ਟ ਹੋਈ ਜਾਣ।

੪. ਉਚਾਰਣ ਵਿਚ ਹਲਕੀਆਂ ਸੁਰਾਂ ਨੂੰ ਛੋਟਾ ਰੂਪ ਦੇ ਕੇ ਉੱਪਰ ਚੁੱਕਿਆ ਗਿਆ ਹੈ ਤਾਂਕਿ ਸਹੀ ਉਚਾਰਣ ਹੋ ਸਕੇ। ਜਿਵੇਂ ਕਿ ਜਿਥੇ ਸਿਹਾਰੀ ਦੀ ਆਵਾਜ਼ ਲਾਂਵ ਵਾਂਗ ਹੈ ਉਥੇ ਅੱਖਰ ਨੂੰ ਲਾਂਵ ਪਾਕੇ ਛੋਟਾ ਕਰਕੇ ਉਪਰ ਲਿਖਿਆ ਹੈ। ਵੇਖੋ: ਉਚਾਰਣ ਸੇਧ ਲਈ **ਭਾਖਿਆ ਨੂੰ** *(ਭਾ ਖੇਆ)* ਲਿਖਿਆ ਗਿਆ ਹੈ।

ਮੇਰਾ ਵਿਸ਼ਵਾਸ਼ ਹੈ ਕਿ ਸਤਿਗੁਰੂ ਵਲੋਂ ਕਰਵਾਇਆ ਗਿਆ ਇਹ ਯਤਨ, ਬਾਣੀ ਪ੍ਰੇਮੀਆਂ ਲਈ ਧੁਰ ਕੀ ਬਾਣੀ ਨੂੰ ਸਮਝਣ ਅਤੇ ਜੀਵਨ ਅੰਦਰ ਅਮਲਾਉਣ ਵਿਚ ਅਵੱਸ਼ ਹੀ ਸਹਾਈ ਹੋਵੇਗਾ।

ਗੁਰੂ ਖ਼ਾਲਸਾ ਪੰਥ ਸਦ-ਬਖਸ਼ਿੰਦ ਹੈ। ਹੋਈਆਂ ਬੇਅੰਤ ਭੁਲਾਂ ਲਈ ਬਖਸ਼ ਦੇਣਾ ਜੀ।

ਓਅੰਕਾਰ ਸਿੰਘ (ਡਾ.)
ਫੀਨਿਕਸ, ਅਮੈਰਿਕਾ

॥ ਜਪੁ ॥

ਉਚਾਰਣ, ਕੋਸ਼ ਅਤੇ ਸਟੀਕ

ੴ *(ਇੱਕ ਓਅੰਕਾਰ)*
ਇੱਕ ਪਰਮ-ਆਤਮਾ(ਓਅੰਕਾਰ),
ਨਿਰੰਤਰ ਸਰਬ ਵਿਆਪਕ ਹੈ।

ਸਤਿ *(ਸਤ)* — ਸਦਾ ਸੱਚ ਹੈ
ਨਾਮੁ *(ਨਾਮ)* — ਓਅੰਕਾਰ ਦਾ ਸਰੂਪ, ਭਾਵ ਪਰਮਾਤਮ ਦੀ ਹੋਂਦ

ਕਰਤਾ — ਆਪਣੇ ਆਪ ਤੋਂ ਲੈਕੇ ਬ੍ਰਹਿਮੰਡ ਤਕ ਦਾ ਸਿਰਜਨਹਾਰ
ਪੁਰਖੁ *(ਪੁਰਖ)* — ਸਰਬ ਵਿਆਪਕ(ਹਸਤੀ)

ਨਿਰਭਉ *(ਨਿਰਭਉ)* — ਭੈ ਵਾਲੇ ਵਿਧਾਨ ਤੋਂ ਉਚੇਰਾ *(ਓਅੰਕਾਰ)*
ਨਿਰਵੈਰੁ *(ਨਿਰਵੈਰ)* — ਵੈਰ ਰਹਿਤ *(ਓਅੰਕਾਰ)*

ਅਕਾਲ — ਕਾਲ ਦੀ ਪਕੜ ਤੋਂ ਰਹਿਤ (ਤ੍ਰੈਕਾਲ-ਅਤੀਤ)
ਮੂਰਤਿ *(ਮੂਰਤ)* — ਸਰੂਪ, ਹਸਤੀ

ਅਜੂਨੀ *(ਅਜੂਨੀਂ)* — ਜਨਮ-ਮਰਣ ਤੋਂ ਰਹਿਤ
ਸੈਭੰ — ਆਪਣੇ ਆਪ ਤੋਂ ਪ੍ਰਕਾਸ਼ਿਤ

ਗੁਰ — ਗਿਆਨਮਈ ਗੁਰੂ ਸਰੂਪ(ਓਅੰਕਾਰ)
ਪ੍ਰਸਾਦਿ *(ਪ੍ਰਸਾਦ)* ॥ — ਕਿਰਪਾ ਸਰੂਪ(ਓਅੰਕਾਰ, ਗੁਰੂ ਰਾਹੀਂ ਕਿਰਪਾ ਕਰਦਾ)

ਓਅੰਕਾਰ (ਪਰਮਾਤਮਾ) ਇੱਕ ਤੇ ਕੇਵਲ ਇੱਕ ਹੈ। ਇਸੇ ਲਈ ਸਾਹਿਬਾਂ ਨੇ ਓਅੰਕਾਰ ਤੋਂ ਪਹਿਲਾਂ ਗਿਣਤੀ ਵਾਲਾ ੧ ਲਿਖਕੇ ਇਸ ਨੂੰ ਦ੍ਰਿੜ੍ਹ ਕਰਵਾਇਆ ਹੈ। ਓਅੰਕਾਰ ਦੇ ਸਰੂਪ ਦੀ ਹੋਂਦ,

(ਸਮੇਂ ਤੋਂ ਵੀ ਪਹਿਲਾਂ ਅਤੇ) ਸਦੀਵ ਕਾਲ ਤੋਂ ਹੈ। ਉਹ ਸਰਬ ਵਿਆਪਕ ਪੁਰਸ਼, ਸਾਰੇ ਬ੍ਰਹਿਮੰਡੀ ਵਜੂਦ ਦਾ ਸਿਰਜਨਹਾਰ ਹੈ, ਜੋ ਸ੍ਰਿਸ਼ਟੀ ਦੀ ਸਾਜਨਾ ਕਰਕੇ, ਆਪ ਉਸ ਵਿਚ ਸੁਭਾਇਮਾਨ ਵੀ ਹੈ। ਓਅੰਕਾਰ ਨੇ ਸਾਰੇ ਬ੍ਰਹਿਮੰਡ ਲਈ ਜੋ ਭੈ ਵਾਲਾ ਵਿਧਾਨ (ਸਗਲਿਆ ਭਉ ਲਿਖਿਆ ਸਿਰਿ ਲੇਖੁ...) ਬਣਾਇਆ ਹੈ, ਆਪ ਉਸ ਤੋਂ ਉਚੇਰਾ ਹੈ (ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥)। ਪਰਮਾਤਮਾ ਹਰ ਤਰ੍ਹਾਂ ਦੇ ਵੈਰ ਵਿਰੋਧ ਤੋਂ ਵੀ ਉਪਰ ਹੈ, ਅਥਵਾ ਸਮਦ੍ਰਿਸ਼ਟ ਹੈ, ਭਾਵ ਸਾਰਿਆਂ ਜੀਵਾਂ ਨੂੰ ਆਪਣੀ ਇੱਕੋ ਮਿਹਰ ਦੀ ਨਜ਼ਰ ਨਾਲ ਵੇਖਦਾ ਹੈ। ਉਸਦਾ ਸਰੂਪ ਸਮੇਂ ਦੀ ਪਕੜ ਤੋਂ ਪਰ੍ਹੇ ਹੈ, ਸਮੇਂ ਦੀ ਕਿਰਿਆ ਉਸਦੇ ਸਰੂਪ ਨੂੰ ਪ੍ਰਭਾਵਿਤ ਨਹੀਂ ਕਰਦੀ। ਉਹ ਜਨਮ ਮਰਣ ਵਿਚ ਵੀ ਨਹੀਂ ਆਉਂਦਾ। ਉਸਦਾ ਪ੍ਰਕਾਸ਼ ਉਸਦੇ ਆਪੇ ਤੋਂ ਹੋਇਆ ਹੈ, ਭਾਵ ਉਹ ਸਵੈ-ਪ੍ਰਕਾਸ਼ਿਤ ਹੈ। (ਜਦੋਂ ਕੋਈ ਸਚਿਆਰ ਬਣਨ ਦੀ ਸਾਧਨਾ ਕਰਦਾ ਹੈ ਤਾਂ) ਗੁਰੂ ਸਰੂਪ ਓਅੰਕਾਰ, ਆਪਣੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਸਾਧਕ ਨੂੰ ਨਿਹਾਲ ਨਿਹਾਲ ਕਰ ਦਿੰਦੇ ਹਨ।

॥ ਜਪੁ ॥ *(ਜਪ)*

ਇਹ ਅੱਗੇ ਆਉਣ ਵਾਲੀ ਬਾਣੀ ਦਾ ਨਾਮ ਹੈ। ਜਪੁ ਦੇ ਅਰਥਾਂ ਤੋਂ ਸੰਕੇਤ ਹੈ, ਕਿ ਇਸ ਬਾਣੀ ਦਾ ਬਾਰ ਬਾਰ ਜਾਪ ਕਰਨਾ ਹੈ, ਤਾਂ ਕਿ ਰੱਬੀ ਅਨੁਭਵ ਅਤੇ ਸਿੱਖ ਸਿਧਾਂਤਾਂ ਦਾ ਬੁਨਿਆਦੀ ਤੌਰ ਤੇ ਬੋਧ ਹੋ ਸਕੇ।(ਭਾਵ ਇਸ ਦੀ ਡੂੰਘਾਈ ਨਾਲ ਵਿਚਾਰ ਕਰਕੇ ਜ਼ਿੰਦਗੀ ਨੂੰ ਇਸ ਅਨੁਸਾਰ ਤੋਰਨ ਦਾ ਯਤਨ ਕਰਨਾ ਹੈ, ਜੋ ਕਿ ਸਿੱਖੀ ਅਨੁਸਾਰ ਜੀਵਨ ਦਾ ਮਕਸਦ ਹੈ)।

ਆਦਿ *(ਆਦ)*
ਕਾਲ ਆਰੰਭ ਹੋਣ ਤੋਂ ਪਹਿਲਾਂ, ਮੁਢ ਤੋਂ ਹੀ

ਸਚੁ, *(ਸੱਚ)*
ਜਿਸਦੀ ਹੋਂਦ

ਜੁਗਾਦਿ *(ਜੁਗਾਦ)* **ਸਚੁ** *(ਸੱਚ)* ॥
ਯੁਗ ਦੇ ਆਰੰਭ ਵਿਚ ਜਿਸਦੀ ਹੋਂਦ ਹੈ

ਉਸ ਸਰਬ-ਵਿਆਪਕ ਹਸਤੀ ਦੀ ਹੋਂਦ, ਸਮੁੱਚੇ ਬ੍ਰਹਿਮੰਡ ਦੀ ਰਚਨਾਂ ਦੇ ਆਰੰਭ ਹੋਣ ਤੋਂ ਪਹਿਲਾਂ ਵੀ ਸੀ। ਜੁੱਗਾਂ ਭਾਵ ਜਦੋਂ ਸਮੇਂ ਦੀ ਕਿਰਿਆ ਆਰੰਭ ਹੋਈ ਉਸ ਵੇਲੇ ਵੀ ਸੀ।...

ਹੈ **ਭੀ** **ਸਚੁ,** *(ਸੱਚ)* **ਨਾਨਕ,**
ਵਰਤਮਾਨ ਵਿਚ ਵੀ ਜਿਸਦੀ ਹੋਂਦ ਹੈ ਹੇ ਨਾਨਕ!

ਹੋਸੀ **ਭੀ** **ਸਚੁ** *(ਸੱਚ)* ॥੧॥
(ਭਵਿੱਖ ਵਿਚ) ਹੋਵੇਗੀ ਵੀ ਜਿਸਦੀ ਹੋਂਦ

...ਹੇ ਨਾਨਕ! ਇਹ ਹੋਂਦ ਵਰਤਮਾਨ ਵਿਚ ਵੀ ਹੈ, ਅਤੇ ਭਵਿੱਖ ਵਿਚ ਵੀ ਸਦਾ ਸਦਾ ਲਈ ਰਹੇਗੀ। (ਜਿਨ੍ਹਾਂ ਅਕਾਲ-ਪੁਰਖੀ ਅਤੇ ਸਿੱਖ ਸਿਧਾਂਤਾਂ ਨੂੰ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ, ਜਪੁ ਬਾਣੀ ਦੇ ਦਰਸ਼ਨ ਰਾਹੀਂ ਦ੍ਰਿੜ੍ਹ ਕਰਵਾਉਣਾ ਹੈ, ਉਸਦੀ ਹੋਂਦ,ਹਸਤੀ ਅਤੇ ਗੁਣਾਂ ਦੀ ਚਰਚਾ, ਮੂਲ ਮੰਤਰ ਅਤੇ ਇਸ ਆਰੰਭਕ ਸਲੋਕ ਵਿਚ ਕੀਤੀ ਹੈ। ਇਹ ਸਲੋਕ ਇੱਕ ਤਰ੍ਹਾਂ ਨਾਲ ਜਪੁ ਬਾਣੀ ਦੀ ਮੂਲ ਰਚਨਾ ਤੋਂ ਪਹਿਲਾਂ ਨਮਸਕਾਰ ਰੂਪੀ ਮੰਗਲਾਚਰਣ ਹੈ)।

ਸੋਚੈ **ਸੋਚਿ** *(ਸੋਚ)* **ਨ** *(ਨਾਂ)* **ਹੋਵਈ,**
ਸ਼ੌਚ(ਸੁੱਚ) ਰਾਹੀਂ ਪਵਿੱਤਰਤਾ(ਆਤਮਿਕ) ਨਹੀਂ ਹੋ ਸਕਦੀ

ਜੇ **ਸੋਚੀ** *(ਸੋਚੀਂ)* **ਲਖ** *(ਲੱਖ)* **ਵਾਰ** ॥
ਭਾਵੇਂ,ਬੇਸ਼ਕ (ਮੈਂ) ਸੁੱਚ ਰਖਾਂ *ਲੱਖਾਂ ਵਾਰੀ, ਭਾਵ ਅਣਗਿਣਤ ਵਾਰ*

ਭਾਵੇਂ ਮੈਂ ਸਰੀਰ ਨੂੰ ਪਵਿੱਤਰ ਰਖੱਣ ਦੀਆਂ ਬਾਹਰੀ ਕ੍ਰਿਆਵਾਂ (ਤੀਰਥ ਇਸ਼ਨਾਨ ਅਤੇ ਸੁੱਚਮ ਆਦਿਕ) ਨੂੰ ਲੱਖਾਂ ਵਾਰੀ ਵੀ ਕਰ ਲਵਾਂ ਤਾਂ ਵੀ ਸੱਤ-ਅਨੁਭਵ ਵਾਲੀ ਆਤਮਿਕ ਪਵਿੱਤਰਤਾ ਨਹੀਂ ਹੋ ਸਕਦੀ।...

ਚੁਪੈ, *(ਚੁੱਪੈ)* **ਚੁਪ** *(ਚੁੱਪ)*
ਚੁੱਪ ਰਹਿਣ ਨਾਲ ਖਾਮੋਸ਼ੀ(ਮਨ ਦਾ ਟਿਕਾਉ)

ਨ *(ਨਾਂ)* **ਹੋਵਈ,**
ਨਹੀਂ ਹੋ ਸਕਦੀ

ਜੇ **ਲਾਇ** *(ਲਾ ਏ)* **ਰਹਾ** *(ਰਹਾਂ)* **ਲਿਵ ਤਾਰ ॥**
ਭਾਵੇਂ,ਬੇਸ਼ਕ ਲਾਕੇ, ਲਗਾ ਕੇ ਰਵ੍ਹਾਂ,ਰਹਾਂ *ਅਖੰਡ ਲਿਵ*

...ਭਾਵੇਂ ਮੈਂ ਨਿਰੰਤਰ ਇਕ-ਰਸ (ਚੁੱਪ-ਸਮਾਧੀ) ਲਗਾ ਕੇ ਰਖਾਂ, ਤਾਂ ਵੀ (ਸਚਿਆਰ ਬਣਨ ਵਾਸਤੇ) ਮਨ ਦਾ ਟਿਕਾਉ ਨਹੀਂ ਹੋ ਸਕਦਾ, (ਭਾਵ ਸਿਰਫ਼ ਬਾਹਰੋਂ ਚੁੱਪ ਰਹਿਣ ਨਾਲ ਅੰਦਰ ਦੀ ਸ਼ਾਂਤੀ ਨਹੀਂ ਬਣ ਸਕਦੀ।...

ਭੁਖਿਆ, *(ਭੁ ਖੇਆਂ)* **ਭੁਖ** *(ਭੁੱਖ)*
ਭੁੱਖੇ ਰਹਿਣ ਨਾਲ ਆਤਮਿਕ ਭੁੱਖ, ਪ੍ਰਭੂ ਮਿਲਣ ਦੀ ਚਾਹਤ

ਨ *(ਨਾਂ)* **ਉਤਰੀ,** **ਜੇ** **ਬੰਨਾ** *(ਬੰਨ੍ਹਾਂ)*
ਨਹੀਂ ਉਤਰ ਸਕਦੀ ਭਾਵੇਂ, ਬੇਸ਼ਕ ਬੰਨ੍ਹ ਲਵਾਂ,ਰੋਕ ਲਵਾਂ

ਪੁਰੀਆ *(ਪੁਰੀਆਂ)* **ਭਾਰ ॥**
ਪੂਰਯ, ਭਰਣ ਯੋਗ, ਭਰਨ ਲਾਇਕ ਭੋਜਨ ਕਰਨ ਵਾਲੀਆਂ ਵਸਤੂਆਂ ਦਾ ਭਾਰ(ਵਜ਼ਨ)

...ਭੁੱਖਿਆਂ ਰਹਿਣ ਨਾਲ ਭਾਵ ਭੁਖਾਂ ਕੱਟਣ ਜਾਂ ਵਰਤ ਆਦਿ ਰਖਣ ਨਾਲ ਪਰਮਾਤਮਾ ਨੂੰ ਮਿਲਣ ਦੀ ਆਤਮਿਕ ਭੁੱਖ ਪੂਰੀ ਨਹੀਂ ਹੋ ਸਕਦੀ, ਭਾਵੇਂ ਭੁੱਖਿਆਂ ਰਹਿਣ ਦੀ ਕਿਰਿਆ ਲਈ ਕੋਈ ਸਰੀਰ ਦੇ ਉਨ੍ਹਾਂ ਅੰਗਾਂ ਨੂੰ ਹੀ ਬੰਨ੍ਹ ਲਏ ਜਾਂ ਰੋਕ ਲਏ, ਜਿਨ੍ਹਾਂ ਵਿਚ ਖੁਰਾਕ ਆਦਿ ਪਹੁੰਚਣੀ ਹੁੰਦੀ ਹੈ। (ਯੋਗੀ ਆਦਿ ਲੋਕ ਆਧਿਆਤਮਕ ਪ੍ਰਾਪਤੀ ਲਈ ਯੋਗ ਅਭਿਆਸ ਰਾਹੀਂ ਹਠ-ਨਿਗ੍ਰਹ ਦੁਆਰਾ, ਇੰਦ੍ਰੀਆਂ ਨੂੰ ਬੰਨ੍ਹ, ਭਾਵ ਵਸ ਵਿਚ ਕਰ ਲਿਆ ਕਰਦੇ ਸਨ। ਲੰਬੇ ਸਮੇਂ ਲਈ ਬਿਨਾਂ ਭੋਜਨ ਤੋਂ ਰਹਿੰਦੇ ਸਨ)।..

ਸਹਸ *(ਸੈ ਹਸ)*	**ਸਿਆਣਪਾ** *(ਸੈਆਣਪਾਂ)*
ਹਜ਼ਾਰਾਂ	ਚਤੁਰਾਈਆਂ/ਹੁਜਤਾਂ, ਚਲਾਕੀਆਂ

ਲਖ *(ਲੱਖ)*	**ਹੋਹਿ,** *(ਹੋ ਹੈਂ)*	**ਤ** *(ਤਾਂ)*
ਲੱਖਾਂ, ਭਾਵ ਅਣਗਿਣਤ	ਹੋਣ	ਤਦ ਵੀ

ਇਕ *(ਇੱਕ)*	**ਨ** *(ਨਾਂ)*	**ਚਲੈ** *(ਚੱਲੈ)*	**ਨਾਲਿ** *(ਨਾਲ)* ॥
ਇਕ ਵੀ ਚਤੁਰਾਈ	ਨਹੀਂ	ਚਲਦੀ/ਜਾਂਦੀ	ਸੰਗ, ਸਾਥ

...ਜੇ ਕਿਸੇ ਮਨੁੱਖ ਵਿਚ ਅਣਗਿਣਤ (ਬ੍ਰਾਹਮਣੀ ਵਾਦ-ਵਿਵਾਦ ਵਾਲੀਆਂ) ਬੌਧਿਕ ਚਤੁਰਾਈਆਂ ਵੀ ਹੋਣ ਤਦ ਵੀ ਸਚਿਆਰ ਬਣਨ ਵਾਲੇ ਅਧਿਆਤਮਕ-ਮਾਰਗ ਵਿਚ, ਇਹ ਇੱਕ ਵੀ ਉਸ ਨਾਲ ਨਹੀਂ ਚਲਦੀ, ਭਾਵ ਸਹਾਈ ਨਹੀਂ ਹੁੰਦੀ।...

ਕਿਵ	**ਸਚਿਆਰਾ** *(ਸ ਚੈਆਰਾ)*	**ਹੋਈਐ,**
ਕਿਵੇਂ	ਸੱਚ ਨੂੰ ਧਾਰਨ ਕਰਨ ਵਾਲਾ, ਸਤਿਅਨੁਯਾਈ	ਹੋ ਸਕੀਦਾ

ਕਿਵ	**ਕੂੜੈ**	**ਤੁਟੈ** *(ਤੁੱਟੈ)*	**ਪਾਲਿ** *(ਪਾਲ)* ॥
ਕਿਵੇਂ	ਕੂੜ ਦੀ, ਅਸਤਿ ਦੀ	ਟੁੱਟ ਜਾਵੇ	ਕੰਧ, ਪਰਦਾ

...(ਜੇ ਇਨ੍ਹਾਂ ਕਰਮਕਾਂਡੀ ਵਿਧੀਆਂ ਦੁਆਰਾ ਅਧਿਆਤਮਕ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ ਜਾਂ ਸੱਚ ਦੇ ਪ੍ਰਕਾਸ਼ ਲਈ ਯੋਗ ਨਹੀਂ ਹੋ ਸਕੀਦਾ) ਤਾਂ ਫਿਰ ਕਿਵੇਂ ਸਚਿਆਰ ਅਥਵਾ ਸੱਚ ਵਰਗੇ ਹੋ ਸਕੀਦਾ ਹੈ? ਧਰਮ-ਸਾਧਨਾ ਰਾਹੀਂ ਸਚਿਆਰ ਬਣਨ ਵਿਚ ਕੂੜ ਦੀਆਂ ਜਿਹੜੀਆਂ ਪਰਵਿਰਤੀਆਂ ਮਨੁੱਖ ਦੇ ਆਲੇ ਦੁਆਲੇ ਕੰਧ ਬਣਕੇ ਖੜੀਆਂ ਹਨ, ਉਹ ਕਿਵੇਂ ਟੁੱਟ ਸਕਦੀਆਂ ਹਨ? (ਇਸ ਦਾ ਉੱਤਰ ਸਾਹਿਬ ਜੀ ਅਗਲੀ ਪੰਕਤੀ ਵਿਚ ਦੇ ਰਹੇ ਹਨ)...

ਹੁਕਮਿ *(ਹੁਕਮ)*
ਪਰਮਾਤਮ ਆਗਿਆ ਵਿਚ

ਰਜਾਈ *(ਰਜ਼ਾਈ)*
ਰਜ਼ਾ ਵਾਲਾ, ਰਜ਼ਾ ਦਾ ਮਾਲਕ

ਚਲਣਾ, *(ਚੱਲਣਾਂ)*
ਤੁਰਨਾ

ਨਾਨਕ,
ਹੇ ਨਾਨਕ!

ਲਿਖਿਆ *(ਲਿ ਖੇਆ)*
ਲਿਖ ਦਿਤਾ,ਅੰਕਿਤ ਕੀਤਾ

ਨਾਲਿ *(ਨਾਲ)* ॥੧॥
ਸੰਗ, ਸਾਥ

...(ਸੱਚ ਦੇ ਪਰਕਾਸ਼ ਲਈ ਯੋਗ ਹੋਣ ਵਾਸਤੇ ਇਕੋ ਇਕ ਵਿਧੀ ਬਾਰੇ ਗੁਰੂ ਨਾਨਕ ਜੀ ਦਸਦੇ ਹਨ ਕਿ) ਹੇ ਨਾਨਕ! ਜੀਵ ਨੂੰ ਪਰਮਾਤਮ-ਆਗਿਆ ਵਿਚ ਅਥਵਾ ਉਸ ਈਸ਼ਵਰੀ ਵਿਧਾਨ, ਜੋ ਬ੍ਰਹਿਮੰਡ ਦੀ ਰਚਨਾ ਵੇਲੇ ਨਾਲ ਹੀ ਲਿਖ ਦਿਤਾ ਗਿਆ ਸੀ, ਅਨੁਸਾਰ ਤੁਰਨਾ ਚਾਹੀਦਾ ਹੈ, ਭਾਵ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਹੁਕਮੀ *(ਹੁਕਮੀਂ)*
ਈਸ਼ਵਰੀ ਵਿਧਾਨ ਅਨੁਸਾਰ

ਹੋਵਨਿ *(ਹੋਵਨ)*
ਹੋਂਦ ਵਿਚ ਆਉਂਦੇ ਹਨ

ਆਕਾਰ, **ਹੁਕਮੁ** *(ਹੁਕਮ)* **ਨ** *(ਨਾਂ)*
ਸਰੂਪ,ਵਜੂਦ ਈਸ਼ਵਰੀ ਵਿਧਾਨ ਨਹੀਂ

ਕਹਿਆ *(ਕ ਹੈਆ)* **ਜਾਈ ॥**
ਦਸਿਆ ਜਾ ਸਕਦਾ

ਪਰਮਾਤਮਾ ਦੇ ਦੈਵੀ-ਵਿਧਾਨ ਅਨੁਸਾਰ, ਇਸ ਸਾਰੇ ਦ੍ਰਿਸ਼ਟਮਾਨ ਪਸਾਰੇ ਦਾ ਨਿਰਮਾਣ ਹੋਇਆ ਹੈ, ਪਰ ਇਸ ਰੱਬੀ ਮਹਾਂ-ਨਿਯਮ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ। ਭਾਵ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ।...

ਹੁਕਮੀ *(ਹੁਕਮੀਂ)* **ਹੋਵਨਿ** *(ਹੋਵਨ)*
ਈਸ਼ਵਰੀ ਵਿਧਾਨ ਅਨੁਸਾਰ ਹੋਂਦ ਵਿਚ ਆਉਂਦੇ ਹਨ

ਜੀਅ, *(ਜੀ ਅ)*
ਜੀਵ ਜੰਤ(ਅੰਡਜ, ਜੇਰਜ, ਸੇਤਜ, ਉਤਭੁਜ)

ਹੁਕਮਿ *(ਹੁਕਮ)*
ਈਸ਼ਵਰੀ ਵਿਧਾਨ ਅਨੁਸਾਰ

ਮਿਲੈ **ਵਡਿਆਈ** *(ਵ ਡੈਆਈ)* **॥**
ਮਿਲਦੀ ਹੈ ਆਦਰ, ਮਾਣ

...ਈਸ਼ਵਰੀ-ਵਿਧਾਨ ਅਨੁਸਾਰ ਹੀ ਬ੍ਰਹਿਮੰਡ ਦੇ ਸਾਰੇ ਜੀਵ-ਜੰਤ ਹੋਂਦ ਵਿਚ ਆਉਂਦੇ ਹਨ, ਅਤੇ ਇਸ ਅਨੁਸਾਰ ਹੀ ਉਨ੍ਹਾਂ ਨੂੰ ਮਾਣ ਵਡਿਆਈ ਭਾਵ ਆਦਰ ਸਤਿਕਾਰ ਮਿਲਦਾ ਹੈ।...

ਹੁਕਮੀ *(ਹੁਕਮੀਂ)* **ਉਤਮੁ** *(ਉੱਤਮ)* **ਨੀਚ,** (ਨੀਚੁ)
ਹੁਕਮ ਅਨੁਸਾਰ ਅਤਿ-ਸ੍ਰੇਸ਼ਟ, ਅਤਿ-ਚੰਗੇ ਨੀਵੇਂ, ਭੈੜੇ

ਹੁਕਮਿ *(ਹੁਕਮ)* **ਲਿਖਿ** *(ਲਿਖ)* **ਦੁਖ** *(ਦੁੱਖ)*
ਈਸ਼ਵਰੀ ਵਿਧਾਨ ਅਨੁਸਾਰ ਲਿਖੇ ਅਨੁਸਾਰ ਤਕਲੀਫ਼

ਸੁਖ *(ਸੁੱਖ)* **ਪਾਈਅਹਿ** *(ਪਾਈਐਂ ਹ)* ॥
ਖੁਸ਼ੀ, ਪ੍ਰਸੰਨਤਾ ਪਾਈਦਾ ਹੈ, ਪ੍ਰਾਪਤ ਕਰੀਦਾ ਹੈ

...ਰੱਬੀ ਨਿਯਮ ਅਨੁਸਾਰ ਹੀ (ਜੀਵ) ਚੰਗੇ ਤੇ ਭੈੜੇ ਬਣਦੇ ਹਨ, ਅਤੇ ਇਸ ਨਿਯਮ ਦੇ ਲਿਖੇ ਅਨੁਸਾਰ ਹੀ ਉਹ ਖੁਸ਼ੀਆਂ ਅਤੇ ਤਕਲੀਫਾਂ ਭੋਗਦੇ ਹਨ।...

ਇਕਨਾ *(ਇਕਨਾਂ)* **ਹੁਕਮੀ** *(ਹੁਕਮੀਂ)* **ਬਖਸੀਸ,** *(ਬਖਸ਼ੀਸ਼)*
ਕਈਆਂ ਨੂੰ ਹੁਕਮ ਅਨੁਸਾਰ ਬਖ਼ਸ਼ਿਸ਼, ਮਿਹਰ

ਇਕਿ *(ਇੱਕ)* **ਹੁਕਮੀ** *(ਹੁਕਮੀਂ)*
ਕਈ, ਕੁਝ ਈਸ਼ਵਰੀ ਵਿਧਾਨ ਅਨੁਸਾਰ

ਸਦਾ **ਭਵਾਈਅਹਿ** *(ਭਵਾਈਐਂ ਹ)* ॥
ਹਮੇਸ਼ਾਂ (ਜਨਮ ਮਰਨ ਦੇ ਗੇੜ ਵਿਚ) ਭਵਾਈਦੇ ਹਨ

...ਪਰਮਾਤਮ-ਹੁਕਮ ਅਨੁਸਾਰ ਕਈਆਂ ਤੇ ਮਿਹਰ ਅਤੇ ਬਖਸ਼ਿਸ਼ ਹੋ ਜਾਂਦੀ ਹੈ, ਅਤੇ ਕਈ ਇਸ ਦੈਵੀ-ਨਿਯਮ ਅਨੁਸਾਰ ਹਮੇਸ਼ਾਂ (ਆਵਾਗਵਣ ਦੇ ਗੇੜ ਵਿਚ) ਭਵਾਏ ਜਾਂਦੇ ਹਨ।...

ਹੁਕਮੈ *(ਹੁਕਮੈਂ)* **ਅੰਦਰਿ** *(ਅੰਦਰ)* **ਸਭੁ** *(ਸਭ)* **ਕੋ,**
ਈਸ਼ਵਰੀ ਵਿਧਾਨ ਵਿਚ ਸਾਰੇ, ਹਰ ਇਕ ਕੋਈ

ਬਾਹਰਿ(*ਬਾਹਰ*) **ਹੁਕਮ** **ਨ**(*ਨਾਂ*) **ਕੋਇ**(*ਕੋ ਏ*) ॥
ਬਾਹਰ ਈਸ਼ਵਰੀ ਵਿਧਾਨ ਨਹੀਂ ਕੋਈ ਵੀ

...ਸਰਬ ਬ੍ਰਹਿਮੰਡ, ਉਸ ਈਸ਼ਵਰੀ-ਵਿਧਾਨ ਅਨੁਸਾਰ ਚਲ ਰਿਹਾ ਹੈ, ਕੁਝ ਵੀ ਇਸ ਹੁਕਮ ਤੋਂ ਬਾਹਰ ਨਹੀਂ।...

ਨਾਨਕ, **ਹੁਕਮੈ**(*ਹੁਕਮੈਂ*) **ਜੇ** **ਬੁਝੈ,**(*ਬੁੱਝੈ*)
ਹੇ ਨਾਨਕ! ਹੁਕਮ ਨੂੰ ਜੇਕਰ ਸਮਝ ਲਵੇ

ਤ(*ਤਾਂ*) **ਹਉਮੈ**(*ਹ ਓਮੈਂ*)
ਤਦ ਅਹੰਕਾਰ, ਮੈਂ ਮੇਰੀ ਦਾ ਭਾਵ

ਕਹੈ **ਨ**(*ਨਾਂ*) **ਕੋਇ**(*ਕੋ ਏ*) ॥੨॥
ਕਹਿੰਦਾ ਨਹੀਂ ਕੋਈ, ਭਾਵ ਉਹ

...ਹੇ ਨਾਨਕ! ਜੇ ਕੋਈ ਇਸ ਵਿਸਮਾਦੀ ਵਿਧਾਨ ਨੂੰ ਸਮਝ ਲਵੇ, ਤਾਂ ਫਿਰ ਉਹ ਅਹੰਕਾਰ ਗ੍ਰਸਤ ਹੋ ਕੇ ਗੱਲਾਂ ਨਹੀਂ ਕਰਦਾ।

ਗਾਵੈ **ਕੋ** **ਤਾਣ,**(*ਤਾਣ*)
ਗਾਉਂਦਾ ਹੈ ਕੋਈ ਬਲ, ਸ਼ਕਤੀ

ਹੋਵੈ **ਕਿਸੈ** **ਤਾਣੁ**(*ਤਾਣ*) ॥
ਜੇ ਹੋਏ ਕਿਸੇ ਕੋਲ/ਵਿਚ ਬਲ,ਸ਼ਕਤੀ

ਜੇ ਕਿਸੇ ਕੋਲ (ਉਸਦੀ ਬਖਸ਼ਿਸ਼ ਦੇ ਸਦਕੇ) ਸਮਰਥਾ ਜਾਂ ਸ਼ਕਤੀ ਹੋਵੇ,(ਤਾਂ ਹੀ) ਕੋਈ (ਧਰਮ-ਸਾਧਕ, ਅਕਾਲ-ਪੁਰਖ ਦੇ) ਬਲ ਅਥਵਾ ਸ਼ਕਤੀ ਦਾ ਜਸ ਗਾਇਨ ਕਰਦਾ ਹੈ।...

ਗਾਵੈ **ਕੋ,** **ਦਾਤਿ** *(ਦਾਤ)*
ਗਾਉਂਦਾ ਹੈ ਕੋਈ (ਪ੍ਰਭੂ ਦੀਆਂ)ਬਖਸ਼ਿਸ਼ਾਂ ਨੂੰ

ਜਾਣੈ *(ਜਾਣੈਂ)* **ਨੀਸਾਣੁ** *(ਨੀਸ਼ਾਣ)* ॥
ਸਮਝਦਾ/ਮੰਨਦਾ ਹੈ (ਬਖਸ਼ਿਸ਼ਾਂ ਦਾ) ਨਿਸ਼ਾਨ,ਚਿਨ੍ਹ

...ਕੋਈ (ਧਰਮ ਸਾਧਕ, ਉਸਦੀਆਂ ਬਖਸ਼ੀਆਂ ਹੋਈਆਂ) ਦਾਤਾਂ ਨੂੰ (ਉਸਦੀ ਮਿਹਰ) ਦਾ ਨਿਸ਼ਾਨ ਸਮਝਕੇ (ਉਸਦੀ ਸਿਫ਼ਤ ਸਲਾਹ) ਗਾਇਨ ਕਰਦਾ ਹੈ।...

ਗਾਵੈ **ਕੋ,**
ਗਾਉਂਦਾ ਹੈ ਕੋਈ

ਗੁਣ **ਵਡਿਆਈਆ** *(ਵ ਡੈਆਈਆਂ)* **ਚਾਰ** ॥
ਚੰਗਿਆਈਆਂ ਉੱਚਤਾਵਾਂ, ਉਸਤਤਾਂ ਸੁੰਦਰ, ਸੋਹਣੀਆਂ

...ਕੋਈ (ਧਰਮ ਸਾਧਕ) ਉਸਦੀਆਂ ਚੰਗਿਆਈਆਂ, ਅਤੇ ਸੁੰਦਰ ਉਸਤਤਾਂ ਦਾ ਗਾਇਨ ਕਰਦਾ ਹੈ।...

ਗਾਵੈ **ਕੋ,** **ਵਿਦਿਆ** *(ਵਿ ਦੈਆ)*
ਗਾਉਂਦਾ ਹੈ ਕੋਈ ਇਲਮ ਦੁਆਰਾ, ਗਿਆਨ ਦੁਆਰਾ

ਵਿਖਮੁ *(ਵਿਖਮ)* **ਵੀਚਾਰੁ** *(ਵੀਚਾਰ)* ॥
ਕਠਿਨ, ਔਖਾ ਵਿਚਾਰ, ਚਿੰਤਨ

...ਕੋਈ (ਧਰਮ ਸਾਧਕ) ਕਠਿਨ ਗਿਆਨ ਅਤੇ (ਗੰਭੀਰ) ਚਿੰਤਨ ਦੁਆਰਾ (ਪਾਰਬ੍ਰਹਮ ਦਾ ਜਸ) ਗਾਇਨ ਕਰਦਾ ਹੈ।...

ਗਾਵੈ **ਕੋ,** **ਸਾਜਿ** *(ਸਾਜ)*
ਗਾਉਂਦਾ ਹੈ ਕੋਈ ਸਿਰਜ ਕੇ

ਕਰੇ **ਤਨੁ** *(ਤਨ)* **ਖੇਹ ॥**
ਕਰ ਦਿੰਦਾ ਸਰੀਰ ਸੁਆਹ,ਵਿਨਾਸ਼

...ਕੋਈ (ਧਰਮ ਸਾਧਕ, ਇਸ ਲਈ ਉਸਦਾ ਜਸ) ਗਾਇਨ ਕਰਦਾ ਹੈ ਕਿ (ਅਕਾਲ ਪੁਰਖ) ਸਰੀਰਾਂ ਨੂੰ ਸਿਰਜ ਕੇ ਫਿਰ ਉਨ੍ਹਾਂ ਦਾ ਵਿਨਾਸ਼ ਕਰ ਦਿੰਦਾ ਹੈ।...

ਗਾਵੈ **ਕੋ,**
ਗਾਉਂਦਾ ਹੈ ਕੋਈ

ਜੀਅ *(ਜੀ ਅ)* **ਲੈ** **ਫਿਰਿ** *(ਫਿਰ)* **ਦੇਹ ॥**
ਜੀਵਨ, ਜ਼ਿੰਦਗੀ ਲੈਕੇ ਫੇਰ, ਮੁੜਕੇ ਦੇ ਦੇਂਦਾ ਹੈ

...ਕੋਈ (ਧਰਮ ਸਾਧਕ, ਪਾਰਬ੍ਰਹਮ ਦਾ ਇਸ ਕਰਕੇ ਜਸ) ਗਾਇਨ ਕਰਦਾ ਹੈ ਕਿ ਉਹ ਜੀਵਨ ਬਖਸ਼ ਕੇ, ਫਿਰ ਵਾਪਸ ਲੈ ਲੈਂਦਾ ਹੈ।...

ਗਾਵੈ **ਕੋ,** **ਜਾਪੈ**
ਗਾਉਂਦਾ ਹੈ ਕੋਈ ਜਾਪਦਾ, ਲਗਦੈ, ਪ੍ਰਤੀਤ ਹੁੰਦੈ

ਦਿਸੈ **ਦੂਰਿ** *(ਦੂਰ)* **॥**
ਦਿਸਦੈ, ਨਜ਼ਰ ਆਉਂਦਾ ਦੂਰੀ ਤੇ, ਵਿਥ ਤੇ

...ਕੋਈ (ਧਰਮ ਸਾਧਕ ਅਕਾਲ ਪੁਰਖ ਦਾ ਇਸ ਲਈ ਵੀ ਜਸ) ਗਾਇਨ ਕਰਦਾ ਹੈ ਕਿ (ਉਸਨੂੰ ਅਕਾਲ-ਪੁਰਖ ਬਹੁਤ) ਦੂਰੀ ਤੇ

ਪ੍ਰਤੀਤ ਹੁੰਦਾ ਹੈ।...

ਗਾਵੈ ਕੋ, ਵੇਖੈ ਹਾਦਰਾ ਹਦੂਰਿ *(ਹਦੂਰ)* **॥**
ਗਾਉਂਦਾ ਹੈ ਕੋਈ ਵੇਖਦਾ ਹੈ *ਪ੍ਰਤੱਖ, ਹਾਜ਼ਰ-ਨਾਜ਼ਰ*

...ਕੋਈ (ਧਰਮ ਸਾਧਕ, ਇਸ ਲਈ ਜਸ) ਗਾਇਨ ਕਰਦਾ ਹੈ ਕਿ (ਅਕਾਲ-ਪੁਰਖ ਨੂੰ ਉਹ) ਹਾਜ਼ਰ ਨਾਜ਼ਰ ਵੇਖਦਾ ਹੈ।...

ਕਥਨਾ *(ਕਥਨਾਂ)* **ਕਥੀ,**
ਕਥਾ, ਵਰਨਣ ਬਿਆਨ ਕੀਤੀ,ਵਰਨਣ ਕੀਤੀ

ਨ *(ਨਾਂ)* **ਆਵੈ ਤੋਟਿ** *(ਤੋਟ)* **॥**
ਨਹੀਂ ਆਉਂਦੀ ਟੋਟ, ਕਮੀ

...(ਬੇਅੰਤ ਧਰਮ-ਸਾਧਕਾਂ ਨੇ ਉਸਦੀਆਂ ਸਿਫ਼ਤ ਸਲਾਹਾਂ ਦੀ) ਕਥਾ ਬਿਆਨ ਕੀਤੀ,(ਪਰ ਫ਼ਿਰ ਵੀ ਉਸਦੀਆਂ ਸਿਫ਼ਤ ਸਲਾਹਾਂ ਵਿਚ ਕਦੀ ਵੀ) ਕਮੀ ਨਹੀਂ ਆਉਂਦੀ।...

ਕਥਿ *(ਕਥ)* **ਕਥਿ** *(ਕਥ)* **ਕਥੀ,**
ਆਖ ਆਖ ਕੇ ਆਖ ਆਖ ਕੇ ਵਰਨਣ ਕੀਤੀ ਹੈ

ਕੋਟੀ *(ਕੋਟੀਂ)* **ਕੋਟਿ** *(ਕੋਟ)* **ਕੋਟਿ** *(ਕੋਟ)* **॥**
ਕਰੋੜਾਂ ਵਾਰੀ ਕਰੋੜਾਂ ਨੇ ਕਰੋੜਾਂ ਨੇ

...ਕਰੋੜਾਂ (ਧਰਮ-ਸਾਧਕਾਂ ਨੇ) ਕਰੋੜ ਕਰੋੜ ਵਾਰ ਆਖ ਆਖ ਕੇ (ਅਕਾਲ ਪੁਰਖ ਦੀਆਂ ਸਿਫ਼ਤਾਂ ਦਾ) ਵਰਨਣ ਕੀਤਾ (ਪਰ ਉਸਦੀਆਂ ਸਿਫ਼ਤਾਂ ਦੀ ਅਕੱਥ ਕਥਾ ਕਦੇ ਵੀ ਮੁੱਕੀ ਨਹੀਂ)।...

ਦੇਦਾ *(ਦੇਂਦਾ)* **ਦੇ,**
ਦੇਵਣਹਾਰ,ਦਾਤਾਰ ਦਿੰਦਾ ਹੈ

ਲੈਦੇ *(ਲੈਂਦੇ)* **ਥਕਿ** *(ਥਕ)* **ਪਾਹਿ** *(ਪਾ ਹੇਂ)* ॥
ਲੈਣ ਵਾਲੇ,ਪ੍ਰਾਪਤ ਕਰਨ ਵਾਲੇ ਅਸਮਰਥ ਹੋ ਜਾਂਦੇ ਹਨ

...(ਪਾਰਬ੍ਰਹਮ) ਦਾਤਾਰ (ਜੁਗਾਂ ਜੁਗਾਂਤਰਾਂ ਤੋਂ ਬ੍ਰਹਿਮੰਡ ਦੇ ਜੀਆਂ ਨੂੰ ਦਾਤਾਂ) ਦਿੰਦਾ ਹੈ,(ਦਾਤਾਂ) ਲੈਣ ਵਾਲੇ ਥੱਕ ਜਾਂਦੇ ਹਨ (ਪਰ ਪਰਮੇਸ਼ਰ ਅਥੱਕ ਹੈ)।...

ਜੁਗਾ *(ਜੁਗਾਂ)* **ਜੁਗੰਤਰਿ,** *(ਜੁਗੰਤਰ)*
ਜੁਗਾਂ ਤੋਂ,ਸਰਵ ਕਾਲ ਤੋਂ ਜੁਗ-ਅੰਤਰ, ਜੁਗਾਂ ਜੁਗਾਂ ਵਿਚ

ਖਾਹੀ **ਖਾਹਿ** *(ਖਾ ਹੇਂ)* ॥
ਖਾਦਕ, ਖਾਣ ਵਾਲੇ ਖਾਂਦੇ ਹਨ

...(ਉਸਦੀਆਂ ਦਾਤਾਂ, ਇਤਨੀਆਂ ਬੇਅੰਤ ਹਨ ਕਿ) ਸਰਬ-ਕਾਲ ਤੋਂ ਜੁਗਾਂ ਜੁਗਾਂ ਵਿਚ ਖਾਣ ਵਾਲੇ (ਜੀਵ-ਜੰਤੂ) ਖਾਈ ਜਾਂਦੇ ਹਨ।...

ਹੁਕਮੀ *(ਹੁਕਮੀਂ)* **ਹੁਕਮੁ,** *(ਹੁਕਮ)*
ਹੁਕਮ ਕਰਨ ਵਾਲਾ(ਪਾਰਬ੍ਰਹਮ) ਈਸ਼ਵਰੀ ਵਿਧਾਨ

ਚਲਾਏ **ਰਾਹੁ** *(ਰਾਹ)* ॥
ਚਲਾਉਂਦਾ ਹੈ ਰਸਤੇ ਨੂੰ, ਬ੍ਰਹਿਮੰਡ ਦੀ ਕਾਰ ਨੂੰ

...ਪਾਰਬ੍ਰਹਮ ਨੇ ਜੋ ਮਹਾਂ-ਵਿਧਾਨ ਬਣਾਇਆ ਹੈ (ਉਸ ਅਨੁਸਾਰ ਉਹ) ਬ੍ਰਹਿਮੰਡ ਦੇ ਕਾਰ ਵਿਹਾਰ ਨੂੰ ਚਲਾਉਂਦਾ ਹੈ।...

ਨਾਨਕ, **ਵਿਗਸੈ** **ਵੇਪਰਵਾਹੁ** *(ਵੇਪਰਵਾਹ)* ॥੩॥
ਹੇ ਨਾਨਕ! ਪ੍ਰਸੰਨ ਹੋ ਰਿਹਾ ਹੈ ਬੇਫਿਕਰ, ਜਿਸਨੂੰ ਕਿਸੇ ਦੀ ਪਰਵਾਹ ਨਹੀਂ

...ਹੇ ਨਾਨਕ! (ਉਹ) ਵੇਪਰਵਾਹ (ਪਾਰਬ੍ਰਹਮ, ਬ੍ਰਹਿਮੰਡ ਦੇ ਇਸ ਕਾਰ-ਵਿਹਾਰ ਨੂੰ ਚਲਦਾ ਵੇਖਕੇ) ਅਨੰਦ ਪ੍ਰਸੰਨ ਹੋ ਰਿਹਾ ਹੈ।

ਸਾਚਾ **ਸਾਹਿਬੁ,** *(ਸਾ ਹੇਬ)*
ਸਦਾ ਸਥਿਰ ਸੁਆਮੀ(ਓਅੰਕਾਰ)

ਸਾਚੁ *(ਸਾਚ)* **ਨਾਇ,** *(ਨਾ ਏ)*
ਸਦਾ ਅਟੱਲ ਨਿਯਮ(ਮਹਾਂ-ਵਿਧਾਨ)

ਭਾਖਿਆ *(ਭਾ ਖੈਆ)* **ਭਾਉ** *(ਭਾ ਓ)* **ਅਪਾਰੁ** *(ਅਪਾਰ)* ॥
ਬੋਲੀ, ਭਾਸ਼ਾ ਪਿਆਰ,ਪ੍ਰੇਮ ਬੇਅੰਤ, ਅਮੁੱਕ

ਉਹ ਸੁਆਮੀ ਸਦਾ-ਸਥਿਰ ਰਹਿਣ ਵਾਲਾ ਹੈ, ਅਤੇ (ਆਪਣੇ ਜਿਸ ਮਹਾਂ-ਨਿਯਮ ਅਨੁਸਾਰ, ਉਹ ਬ੍ਰਹਿਮੰਡ ਦਾ ਕਾਰ-ਵਿਹਾਰ ਚਲਾ ਰਿਹਾ ਹੈ, ਉਹ ਵੀ ਸਦਾ) ਅਟੱਲ ਹੈ। ਉਸ ਬੇਅੰਤ ਪ੍ਰਭੂ ਦੀ ਬੋਲੀ, ਪਿਆਰ ਹੈ।...

ਆਖਹਿ *(ਆਖੈਂ ਹ)* **ਮੰਗਹਿ,** *(ਮੰਗੈਂ ਹ)*
ਆਖਦੇ ਹਨ ਮੰਗਦੇ ਹਨ

ਦੇਹਿ *(ਦੇਹ)* **ਦੇਹਿ,** *(ਦੇਹ)*
(ਹੇ ਪ੍ਰਭੂ!) ਦਿਓ ਜੀ ਦਿਓ ਜੀ

ਦਾਤਿ *(ਦਾਤ)* **ਕਰੇ** **ਦਾਤਾਰੁ** *(ਦਾਤਾਰ)* **॥**
ਦਾਨ, ਬਖ਼ਸ਼ਿਸ਼ ਕਰਦਾ ਹੈ ਦਾਤਾਰ(ਓਅੰਕਾਰ)

...(ਬ੍ਰਹਿਮੰਡੀ ਜੀਵ, ਦਾਤਾਰ ਪ੍ਰਭੂ ਤੋਂ ਦਾਤਾਂ) ਮੰਗਦੇ ਹਨ ਅਤੇ ਆਖਦੇ ਹਨ ਕਿ (ਪ੍ਰਭੂ ਜੀ! ਸਾਨੂੰ) ਦਿਓ, ਦਿਓ। ਦਾਤਾਰ (ਪ੍ਰਭੂ ਮਿਹਰ ਦੇ ਘਰ ਵਿਚ ਆਕੇ) ਦਾਤਾਂ (ਦੀ ਬਖਸ਼ਿਸ਼) ਕਰਦਾ ਹੈ।...

ਫੇਰਿ, *(ਫੇਰ)* **ਕਿ** *(ਕੇ)* **ਅਗੈ** **ਰਖੀਐ,**
ਫਿਰ ਕੀ ਅਗੇ,(ਪ੍ਰਭੂ ਦੇ) ਸਾਹਮਣੇ ਰਖੀਏ, ਧਰੀਏ

ਜਿਤੁ *(ਜਿਤ)* **ਦਿਸੈ** **ਦਰਬਾਰੁ** *(ਦਰਬਾਰ)* **॥**
ਜਿਸ ਨਾਲ, ਜਿਸ ਦੁਆਰਾ ਦਿਸ ਪਵੇ ਓਅੰਕਾਰ ਦੀ ਦਰਗਾਹ

...(ਸਾਰੇ ਪਦਾਰਥ ਅਤੇ ਦਾਤਾਂ ਤਾਂ ਅਸੀਂ ਉਸ ਕੋਲੋਂ ਪ੍ਰਾਪਤ ਕਰ ਰਹੇ ਹਾਂ) ਫਿਰ ਵਾਹਿਗੁਰੂ ਜੀ ਦੇ ਅਗੇ ਕੀ ਰਖੀਏ? ਭਾਵ ਭੇਟਾ ਕਰੀਏ ਕਿ ਜਿਸ ਨਾਲ ਈਸ਼ਵਰੀ-ਦਰਬਾਰ ਅਥਵਾ ਵਾਹਿਗੁਰੂ ਜੀ ਦਾ ਘਰ (ਸਾਨੂੰ) ਦਿਸ ਪਵੇ, ਉਸ ਦੇ ਦੀਦਾਰ ਹੋ ਜਾਣ?...

ਮੁਹੌ *(ਮੁਹੌਂ)* **ਕਿ** *(ਕੇ)* **ਬੋਲਣੁ** *(ਬੋਲਣ)* **ਬੋਲੀਐ,**
ਮੂੰਹ ਵਿਚੋਂ ਕਿਹੜੇ ਬਚਨ, ਸ਼ਬਦ ਆਖੀਏ, ਕਹੀਏ

ਜਿਤੁ *(ਜਿਤ)* **ਸੁਣਿ** *(ਸੁਣ)*
ਜਿਸ ਨਾਲ, ਜਿਸ ਦੁਆਰਾ ਸੁਣ ਕੇ

ਧਰੇ **ਪਿਆਰੁ** *(ਪਿਆਰ)* **॥**
ਕਰੇ, ਰਖੇ ਪ੍ਰੀਤ, ਸਨੇਹ

...ਮੂੰਹ ਵਿਚੋਂ ਕਿਸ ਤਰ੍ਹਾਂ ਦੇ ਬਚਨ ਉਚਾਰੀਏ, ਜਿਸ ਨਾਲ (ਪ੍ਰਭੂ

ਉਨ੍ਹਾਂ ਬਚਨਾਂ ਨੂੰ) ਸੁਣਕੇ (ਸਾਡੇ ਨਾਲ) ਪਿਆਰ ਕਰੇ?...

ਅੰਮ੍ਰਿਤ *(ਅੰਮ ਰਿਤ)* **ਵੇਲਾ** *(ਵ੍ਹੇਲਾ)*
ਰਾਤ ਦਾ ਅੰਤਿਮ ਪਹਿਰ, ਪੂਰਨ ਖਿੜਾਉ ਦਾ ਸਮਾਂ

ਸਚੁ *(ਸੱਚ)* — ਸਦਾ ਸਥਿਰ ਰਹਿਣ ਵਾਲਾ
ਨਾਉ, *(ਨਾ ਓਂ)* — (ਪ੍ਰਭੂ) ਦਾ ਸਰੂਪ, ਹੋਂਦ

ਵਡਿਆਈ *(ਵ ਡੈਆਈਂ)* — ਗੁਣ, ਮਹਾਨਤਾ
ਵੀਚਾਰੁ *(ਵੀਚਾਰ)* ॥ — ਚਿੰਤਨ

...(ਸਤਿਗੁਰੂ ਉੱਤਰ ਬਖਸ਼ਦੇ ਹਨ ਕਿ) ਅੰਮ੍ਰਿਤ ਵੇਲੇ (ਜਦੋਂ ਪੂਰਨ ਖਿੜਾਉ ਦਾ ਸਮਾਂ ਹੁੰਦਾ ਹੈ) ਸਦਾ ਸਥਿਰ ਰਹਿਣ ਵਾਲੇ ਪ੍ਰਭੂ ਦੇ ਗੁਣਾਂ ਦਾ ਚਿੰਤਨ (ਕਰਨ ਨਾਲ, ਪ੍ਰਭੂ ਜੀ ਪਿਆਰ ਕਰਦੇ ਹਨ ਅਤੇ ਪ੍ਰਭੂ-ਦਰਬਾਰ ਦੇ ਦੀਦਾਰ ਹੋ ਜਾਂਦੇ ਹਨ)।...

ਕਰਮੀ *(ਕਰਮੀਂ)* — (ਪ੍ਰਭੂ) ਦੀ ਬਖਸ਼ਿਸ਼ ਨਾਲ
ਆਵੈ — ਆਉਂਦਾ ਹੈ, ਮਿਲਦਾ ਹੈ

ਕਪੜਾ, — (ਸਰੀਰ ਰੂਪੀ) ਜਾਮਾ, ਦੇਹ
ਨਦਰੀ — ਮਿਹਰ ਦੀ ਨਜ਼ਰ ਨਾਲ, ਕ੍ਰਿਪਾ ਕਟਾਖ਼ ਰਾਹੀਂ

ਮੋਖੁ *(ਮੋਖ)* — ਮੁਕਤੀ
ਦੁਆਰੁ *(ਦੋਆਰ)* ॥ — ਦਰ, ਦਰਵਾਜ਼ਾ

...ਪ੍ਰਭੂ ਦੀ ਬਖਸ਼ਿਸ਼ ਨਾਲ ਸਰੀਰਕ ਜਾਮਾ ਮਿਲਦਾ ਹੈ, ਅਤੇ ਉਸਦੀ ਕ੍ਰਿਪਾ-ਕਟਾਖ਼, ਮਿਹਰ ਦੀ ਨਜ਼ਰ ਨਾਲ ਮੁਕਤੀ ਦਾ ਦਰ

ਪ੍ਰਾਪਤ ਹੁੰਦਾ ਹੈ।

ਨਾਨਕ, **ਏਵੈ** *(ਏਵੈਂ)* **ਜਾਣੀਐ,** *(ਜਾਣੀਐਂ)*
ਹੇ ਨਾਨਕ ! ਇਵੇਂ, ਇਸ ਤਰ੍ਹਾਂ ਜਾਣ ਲਈਦਾ, ਅਨੁਭਵ ਕਰ ਲਈਦਾ ਹੈ

ਸਭੁ *(ਸਭ)* **ਆਪੇ** **ਸਚਿਆਰੁ** *(ਸ ਚੈਆਰ)* ॥੪॥
ਸਾਰਾ ਕੁਝ ਆਪ ਹੀ ਸੱਚ ਦਾ ਸੋਮਾ, ਓਅੰਕਾਰ

...ਹੇ ਨਾਨਕ ! ਇਸ ਤਰ੍ਹਾਂ ਹੀ ਅਨੁਭਵ ਕਰੀਦਾ ਹੈ, ਕਿ ਉਹ ਸੱਚ ਦਾ ਸੋਮਾ, ਪ੍ਰਭੂ-ਪ੍ਰਮਾਤਮਾ ਸਭ ਕੁਝ ਆਪ ਹੀ ਹੈ।

ਥਾਪਿਆ *(ਥਾ ਪੈਆ)* **ਨ** *(ਨਾਂ)* **ਜਾਇ,** *(ਜਾ ਏ)*
ਸਥਾਪਤ, ਨਿਯੁਕਤ ਨਹੀਂ ਜਾ ਸਕਦਾ

ਕੀਤਾ **ਨ** *(ਨਾਂ)* **ਹੋਇ** *(ਹੋ ਏ)* ॥
ਬਣਾਇਆ, ਰਚਿਆ ਨਹੀਂ ਹੋਂਦ ਵਿਚ ਆਉਂਦਾ

(ਉਸ ਓਅੰਕਾਰ ਨੂੰ) ਸਥਾਪਤ ਨਹੀਂ ਕੀਤਾ ਜਾ ਸਕਦਾ ਅਤੇ ਨਾਹੀਂ (ਉਹ ਕਿਸੇ ਦੇ) ਬਣਾਇਆਂ ਹੋਂਦ ਵਿਚ ਹੀ ਆਉਂਦਾ ਹੈ।...

ਆਪੇ **ਆਪਿ,** *(ਆਪ)*
ਆਪਣੇ ਆਪ, ਆਪ ਹੀ ਆਪਣੇ ਆਪ ਤੋਂ

ਨਿਰੰਜਨੁ *(ਨਿਰੰਜਨ)* **ਸੋਇ** *(ਸੋ ਏ)* ॥
ਮਾਇਆ ਦੇ ਪ੍ਰਭਾਵ ਤੋਂ ਬਾਹਰ(ਓਅੰਕਾਰ) ਉਹ(ਪ੍ਰਭੂ)

ਮਾਇਆ ਦੇ ਪ੍ਰਭਾਵ ਤੋਂ ਰਹਿਤ (ਉਹ ਓਅੰਕਾਰ) ਆਪ ਹੀ, ਆਪਣੇ

ਆਪ ਤੋਂ (ਪ੍ਰਗਟ ਹੋਇਆ ਹੈ)।

ਜਿਨਿ *(ਜਿਨ)* **ਸੇਵਿਆ,** *(ਸੇ ਵੈਆ)*
ਜਿਸਨੇ ਸੇਵਾ ਕੀਤੀ, ਸਿਮਰਿਆ

ਤਿਨਿ *(ਤਿਨ)* **ਪਾਇਆ** *(ਪਾ ਏ ਆ)* **ਮਾਨੁ** *(ਮਾਨ)* ॥
ਤਿਸ ਨੇ ਪ੍ਰਾਪਤ ਕੀਤਾ ਆਦਰ

...ਜਿਸ (ਪ੍ਰਾਣੀ) ਨੇ ਵੀ (ਓਅੰਕਾਰ ਨੂੰ) ਸਿਮਰਿਆ, ਉਸ ਨੇ (ਪ੍ਰਭੂ ਦੀ ਦਰਗਾਹ ਵਿਚ) ਆਦਰ ਪ੍ਰਾਪਤ ਕੀਤਾ ਹੈ।...

ਨਾਨਕ, **ਗਾਵੀਐ**
ਹੇ ਨਾਨਕ! ਗਾਈਏ, ਗਾਇਨ ਕਰੀਏ

ਗੁਣੀ *(ਗੁਣੀਂ)* **ਨਿਧਾਨੁ** *(ਨਿਧਾਨ)* ॥
ਚੰਗਿਆਈਆਂ ਦਾ ਭੰਡਾਰ, ਖਜ਼ਾਨੇ

...ਹੇ ਨਾਨਕ! (ਆਓ ਉਸ) ਗੁਣਾਂ ਦੇ ਖਜ਼ਾਨੇ (ਪ੍ਰਭੂ ਦੀਆਂ ਵਡਿਆਈਆਂ) ਦਾ ਗਾਇਨ ਕਰੀਏ।...

ਗਾਵੀਐ **ਸੁਣੀਐ** *(ਸੁਣੀਐਂ)*
(ਪਰਮਾਤਮ ਵਡਿਆਈਆਂ ਦਾ ਜਸ) ਗਾਇਨ ਕਰੀਏ (ਪਰਮਾਤਮ ਵਡਿਆਈ ਨੂੰ) ਸ੍ਰਵਣ ਕਰੀਏ

ਮਨਿ *(ਮਨ)* **ਰਖੀਐ** **ਭਾਉ** *(ਭਾ ਓ)* ॥
ਮਨ ਵਿਚ, ਹਿਰਦੇ ਵਿਚ ਟਿਕਾਈਏ (ਪ੍ਰਭੂ) ਪ੍ਰੀਤ, ਪਿਆਰ

...(ਆਓ! ਓਅੰਕਾਰ ਦੀਆਂ ਵਡਿਆਈਆਂ ਦਾ ਜਸ) ਗਾਇਨ

ਕਰੀਏ,(ਉਸਦੀਆਂ) ਵਡਿਆਈਆਂ ਨੂੰ ਸ੍ਰਵਣ ਕਰੀਏ ਅਤੇ ਹਿਰਦੇ ਵਿਚ (ਪਰਮਾਤਮ) ਪਿਆਰ ਠਹਿਰਾਈਏ।...

ਦੁਖੁ *(ਦੁੱਖ)* **ਪਰਹਰਿ,** *(ਪਰਹਰ)*
ਤਕਲੀਫ਼ ਪਰ੍ਹੇ ਕਰਕੇ, ਨਿਵਾਰ ਕੇ

ਸੁਖੁ *(ਸੁੱਖ)* **ਘਰਿ** *(ਘਰ)*
ਖੁਸ਼ੀ, ਅਨੰਦ, ਵਿਗਾਸ ਘਰ ਵਿਚ, ਹਿਰਦੈ ਵਿਚ

ਲੈ **ਜਾਇ** *(ਜਾ ਏ)* ॥
ਲੈਕੇ, ਪ੍ਰਾਪਤ ਕਰਕੇ ਜਾਂਦਾ ਹੈ

...(ਜੋ ਧਰਮ-ਸਾਧਕ ਪਰਮਾਤਮ ਵਡਿਆਈਆਂ ਦਾ ਜਸ ਗਾਇਨ ਕਰਦਾ ਹੈ ਉਹ) ਦੁਖਾਂ ਤਕਲੀਫਾਂ ਨੂੰ ਨਿਵਾਰ ਕੇ ਅਨੰਦ ਅਤੇ ਵਿਗਾਸ ਨੂੰ ਆਪਣੇ ਹਿਰਦੇ-ਘਰ ਵਿਚ ਲੈ ਜਾਂਦਾ ਹੈ।...

ਗੁਰਮੁਖਿ *(ਗੁਰਮੁਖ)* **ਨਾਦੰ,**
ਗੁਰੂ ਦੇ ਮੁਖ ਦੁਆਰਾ ਸਿੰਙੀ ਜਾਂ ਸੰਖ ਆਦਿ ਦੀ ਆਵਾਜ਼

ਗੁਰਮੁਖਿ *(ਗੁਰਮੁਖ)* **ਵੇਦੰ,**
ਗੁਰੂ ਦੇ ਮੁਖ ਦੁਆਰਾ ਧਰਮ-ਗ੍ਰੰਥ, ਗਿਆਨ

ਗੁਰਮੁਖਿ *(ਗੁਰਮੁਖ)* **ਰਹਿਆ** *(ਰ ਹੈਆ)* **ਸਮਾਈ** ॥
ਗੁਰੂ ਦੇ ਮੁਖ ਦੁਆਰਾ ਰਿਹਾ ਹੈ ਵਿਆਪਕ, ਨਿਵਾਸ ਕਰਨਾ

...ਗੁਰੂ ਦੇ ਮੁਖ ਦੁਆਰਾ(ਉਚਰਿਤ ਸ਼ਬਦ ਹੀ ਮੇਰੇ ਲਈ) ਨਾਦ ਅਤੇ ਗੁਰੂ ਦੇ ਮੁਖ ਦੁਆਰਾ (ਉਚਰਿਤ ਸ਼ਬਦ ਹੀ ਮੇਰੇ ਲਈ) ਵੇਦ ਹੈ।

ਗੁਰੂ ਦੇ ਮੁਖ ਦੁਆਰਾ (ਉਚਰਿਤ ਸ਼ਬਦ ਰਾਹੀਂ ਹੀ ਇਹ ਸਮਝ ਆਉਂਦੀ ਹੈ ਕਿ ਉਹ ਪਰਮਾਤਮਾ ਸਭਨੀ ਥਾਈਂ) ਸਮਾਇਆ ਹੋਇਆ ਹੈ।...

ਗੁਰੁ *(ਗੁਰ)*	**ਈਸਰੁ,** *(ਈਸ਼ਰ)*	**ਗੁਰੁ** *(ਗੁਰ)*
ਗਿਆਨ ਦਾਤਾ	ਸ਼ਿਵ ਜੀ, ਮਹਾਂਦੇਵ	ਗਿਆਨ ਦਾਤਾ

ਗੋਰਖੁ *(ਗੋਰਖ)*	**ਬਰਮਾ,** *(ਬ੍ਰ ਹਮਾਂ)*
ਵਿਸ਼ਨੂੰ, ਪ੍ਰਿਥਵੀ ਦਾ ਰਖਵਾਲਾ	ਬ੍ਰਹਮਾ, ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ

ਗੁਰੁ *(ਗੁਰ)*	**ਪਾਰਬਤੀ ਮਾਈ ॥**
ਗਿਆਨ ਦਾਤਾ	ਸ਼ਿਵ ਦੀ ਪਤਨੀ ਉਮਾ ਮਾਂ, ਮਾਤਾ (ਪਾਰਬਤੀ ਨੂੰ ਮਹਾਂ ਮਾਈ ਵੀ ਕਹਿੰਦੇ ਹਨ)

...ਗੁਰੂ ਹੀ (ਮੇਰੇ ਲਈ) ਸ਼ਿਵ ਹੈ, ਗੁਰੂ ਹੀ (ਮੇਰੇ ਲਈ) ਗੋਰਖ ਹੈ, ਗੁਰੂ ਹੀ (ਮੇਰੇ ਲਈ) ਬ੍ਰਹਮਾ ਹੈ ਅਤੇ ਗੁਰੂ ਹੀ (ਮੇਰੇ ਲਈ) ਸ਼ਿਵ ਜੀ ਦੀ ਪਤਨੀ ਪਾਰਬਤੀ ਹੈ।...

ਜੇ	**ਹਉ** *(ਹ ਓਂ)*	**ਜਾਣਾ,** *(ਜਾਣਾਂ)*
ਜੇਕਰ	ਮੈਂ	ਜਾਣ ਲਵਾਂ, ਸਮਝ ਲਵਾਂ

ਆਖਾ *(ਆਖਾਂ)*	**ਨਾਹੀ,** *(ਨਾਹੀਂ)*	**ਕਹਣਾ** *(ਕੈ ਹਣਾਂ)*
ਆਖ ਸਕਦਾ	ਨਹੀਂ	ਆਖਿਆ

ਕਥਨੁ *(ਕਥਨ)*	**ਨ** *(ਨਾਂ)*	**ਜਾਈ ॥**
ਬਿਆਨ, ਕਥਨ	ਨਹੀਂ	ਜਾ ਸਕਦਾ

...ਜੇ ਮੈਂ (ਓਅੰਕਾਰ ਭਾਵ ਪਾਰਬ੍ਰਹਮ ਬਾਰੇ) ਜਾਣ ਵੀ ਲਵਾਂ, ਤਾਂ ਆਖ ਨਹੀਂ ਸਕਦਾ। (ਉਸ ਅਕੱਥ ਦੀ ਕਥਾ ਦੇ) ਬਿਆਨ ਨੂੰ ਆਖਿਆ ਨਹੀਂ ਜਾ ਸਕਦਾ।...

ਗੁਰਾ, **ਇਕ** *(ਇੱਕ)* **ਦੇਹਿ** *(ਦੇਹ)* **ਬੁਝਾਈ ॥**
ਹੇ ਗੁਰੂ! ਇਕ ਗਲ, ਇਕ ਸਮਝ ਦੇਹ, ਦੇਦੇ ਸਮਝ, ਗਿਆਨ

ਸਭਨਾ *(ਸਭਨਾਂ)* **ਜੀਆ** *(ਜੀਆਂ)* **ਕਾ** **ਇਕੁ** *(ਇੱਕ)* **ਦਾਤਾ,**
ਸਾਰਿਆਂ ਜੀਵਾਂ ਦਾ ਇਕ ਦਾਤਾਰ ਪ੍ਰਭੂ

ਸੋ **ਮੈ** *(ਮੈਂ)*
ਉਹ(ਪਰਮਾਤਮਾ) ਮੈਨੂੰ

ਵਿਸਰਿ *(ਵਿਸਰ)* **ਨ** *(ਨਾਂ)* **ਜਾਈ ॥੫॥**
ਭੁਲ, ਚੇਤੇ ਤੋਂ ਬਾਹਰ ਨਾ ਜਾਵੇ

...ਹੇ ਗੁਰੂ! (ਮੈਨੂੰ) ਇਕ ਗਲ ਦੀ ਸਮਝ ਦੇ ਦਿਓ, ਕਿ ਸਾਰਿਆਂ ਜੀਵਾਂ ਨੂੰ ਦਾਤਾਂ ਦੇਣ ਵਾਲਾ (ਪ੍ਰਭੂ) ਇਕ ਹੀ ਹੈ ਅਤੇ ਉਹ ਪ੍ਰਭੂ ਮੈਨੂੰ (ਆਪਣੇ ਚੇਤੇ ਵਿਚੋਂ ਕਦੀ ਵੀ) ਭੁਲ ਨਾ ਜਾਵੇ।...

ਤੀਰਥਿ *(ਤੀਰਥ)*
ਧਰਮ ਨਾਲ ਸੰਬੰਧਿਤ ਪਵਿੱਤਰ ਸਮਝੀਆਂ ਜਾਂਦੀਆਂ ਨਦੀਆਂ ਅਤੇ ਧਾਰਮਿਕ ਸਥਾਨਾਂ ਦੇ ਸਰੋਵਰਾਂ ਵਿਚ

ਨਾਵਾ, *(ਨਾ੍ਵਾਂ)* **ਜੇ** **ਤਿਸੁ** *(ਤਿਸ)* **ਭਾਵਾ,** *(ਭਾਵਾਂ)*
ਇਸ਼ਨਾਨ ਕਰਾਂ ਜੇਕਰ ਤਿਸ ਨੂੰ(ਪ੍ਰਭੂ ਨੂੰ) ਚੰਗਾ ਲਗਾਂ

ਵਿਣੁ *(ਵਿਣ)* **ਭਾਣੇ** *(ਭਾਣੇਂ)*
ਬਗੈਰ, ਬਿਨਾਂ ਚੰਗਾ ਲਗਣ

ਕਿ *(ਕੇ)* **ਨਾਇ** *(ਨ ਾਏ)* **ਕਰੀ** *(ਕਰੀਂ)* ॥
ਕੀ ਨਹਾ ਕੇ ਕਰਾਂ

(ਮੈਂ) ਤੀਰਥਾਂ ਵਿਚ ਤਾਂ ਹੀ ਨ੍ਹਾਵਾਂ ਜੇ ਉਸ ਪਰਮਾਤਮਾਂ ਨੂੰ ਚੰਗਾ ਲਗਾਂ (ਪ੍ਰੰਤੂ ਪ੍ਰਭੂ ਨੂੰ) ਬਿਨਾਂ ਚੰਗਾ ਲਗਣ ਤੋਂ ਇਹ ਇਸ਼ਨਾਨ ਕਰਕੇ ਕੀ ਕਰਾਂ ? (ਭਾਵ ਇਸ ਦਾ ਕੀ ਲਾਭ ਹੈ? ਜੇ ਪ੍ਰਭੂ ਨਹੀਂ ਰੀਝਦਾ ਤਾਂ ਅਜਿਹੇ ਤੀਰਥ ਇਸ਼ਨਾਨ ਕੇਵਲ ਕਰਮਕਾਂਡੀ ਕਿਰਿਆ ਹਨ ਅਤੇ ਇਨ੍ਹਾਂ ਦਾ ਕੋਈ ਲਾਭ ਨਹੀਂ)...

ਜੇਤੀ **ਸਿਰਠਿ** *(ਸਿਰਠ)* **ਉਪਾਈ** **ਵੇਖਾ,** *(ਵੇਖਾਂ)*
ਜਿਤਨੀ ਵੀ ਸ੍ਰਿਸ਼ਟੀ, ਬ੍ਰਹਿਮੰਡ ਉਤਪੰਨ ਕੀਤੀ ਹੋਈ ਵੇਖਦਾ ਹਾਂ

ਵਿਣੁ *(ਵਿਣ)* **ਕਰਮਾ** *(ਕਰਮਾਂ)*
ਬਿਨਾਂ ਮਿਹਰ ਤੋਂ, ਬਖਸ਼ਿਸ਼ ਤੋਂ

ਕਿ *(ਕੇ)* **ਮਿਲੈ** **ਲਈ** *(ਲਈਂ)* ॥
ਕੀ ਮਿਲਦਾ ਲਵਾਂ, ਪ੍ਰਾਪਤ ਕਰਾਂ

...(ਪਾਰਬ੍ਰਹਮ ਨੇ) ਜਿਤਨਾ ਬ੍ਰਹਿਮੰਡ ਉਤਪੰਨ ਕੀਤਾ ਹੈ, (ਮੈਂ) ਵੇਖਦਾ ਹਾਂ ਕਿ ਬਿਨਾਂ (ਪਰਮਾਤਮਾ ਦੀ) ਮਿਹਰ ਤੋਂ ਕਿਸੇ ਨੂੰ ਕੀ ਮਿਲਦਾ ਹੈ? (ਜੋ ਮੈਂ ਵੀ) ਲੈ ਲਵਾਂ?...

ਮਤਿ *(ਮੱਤ)* **ਵਿਚਿ** *(ਵਿਚ)* **ਰਤਨ**
ਬੁੱਧੀ, ਸੁਰਤ ਵਿਚ, ਅੰਦਰ ਕੀਮਤੀ ਪੱਥਰ

ਜਵਾਹਰ **ਮਾਣਿਕ,**
ਕੀਮਤੀ ਪੱਥਰ ਮੋਤੀ, ਕੀਮਤੀ ਪੱਥਰ

ਜੇ **ਇਕ** *(ਇੱਕ)*
ਜੇਕਰ ਇਕੱਲੀ, ਸਿਰਫ਼

ਗੁਰ **ਕੀ** **ਸਿਖ** **ਸੁਣੀ** *(ਸੁਣੀਂ)* ॥
ਗਿਆਨ ਦਾਤਾ, ਸਤਿਗੁਰੂ ਦੀ ਸਿੱਖਿਆ ਸੁਣੀਏ

...ਜੇਕਰ ਸਿਰਫ਼ ਗੁਰੂ ਦੀ ਸਿਖਿਆ ਸੁਣੀਏ ਤਾਂ (ਧਰਮ ਸਾਧਕ ਦੀ) ਸੁਰਤ ਭਾਵ ਚੇਤਨਾ ਵਿਚ ਰਤਨ, ਜਵਾਹਰ, ਮਾਣਿਕ ਜਿਹੇ ਕੀਮਤੀ ਪੱਥਰਾਂ (ਵਰਗੇ ਪਰਮਾਤਮ-ਗੁਣ ਅਤੇ ਚੰਗਿਆਈਆਂ) ਉਤਪੰਨ ਹੋ ਜਾਂਦੇ ਹਨ।...

ਗੁਰਾ, **ਇਕ** *(ਇੱਕ)* **ਦੇਹਿ** *(ਦੇਹ)* **ਬੁਝਾਈ** ॥
ਹੇ ਗੁਰੂ! ਇਕ ਗਲ, ਦੇਹ, ਦੇਦੇ ਸਮਝ, ਗਿਆਨ
ਇਕ ਸਮਝ

ਸਭਨਾ *(ਸਭਨਾਂ)* **ਜੀਆ** *(ਜੀਆਂ)* **ਕਾ** **ਇਕੁ** *(ਇੱਕ)* **ਦਾਤਾ**
ਸਾਰਿਆਂ ਜੀਵਾਂ ਦਾ ਇਕ ਦਾਤਾਰ ਪ੍ਰਭੂ

ਸੋ **ਮੈ** *(ਮੈਂ)*
ਉਹ(ਪਰਮਾਤਮਾ) ਮੈਨੂੰ

ਵਿਸਰਿ *(ਵਿਸਰ)* **ਨ** *(ਨਾਂ)* **ਜਾਈ** ॥੬॥
ਭੁਲ, ਚੇਤੇ ਤੋਂ ਬਾਹਰ ਨਾ ਜਾਵੇ

...ਹੇ ਗੁਰੂ! (ਮੈਨੂੰ) ਇਕ ਗਲ ਦੀ ਸਮਝ ਦੇ ਦਿਓ ਕਿ ਸਾਰਿਆਂ ਜੀਵਾਂ ਨੂੰ ਦਾਤਾਂ ਦੇਣ ਵਾਲਾ (ਪ੍ਰਭੂ) ਇਕ ਹੀ ਹੈ, ਅਤੇ ਉਹ ਪ੍ਰਭੂ, ਮੈਨੂੰ (ਕਦੀ ਵੀ) ਭੁਲ ਨਾ ਜਾਵੇ।

ਜੇ	**ਜੁਗ**	**ਚਾਰੇ**	**ਆਰਜਾ,**
ਜੇਕਰ	ਯੁਗਾਂ	ਚਹੁੰਆਂ ਹੀ	ਉਮਰ

ਹੋਰ	**ਦਸੂਣੀ** *(ਦਸੂਣੀਂ)*	**ਹੋਇ** *(ਹੋ ਏ)* ॥
ਇਸ ਤੋਂ ਵੀ ਵਧ	ਦਸ ਗੁਣਾਂ	ਹੋ ਜਾਵੇ

ਜੇਕਰ (ਕਿਸੇ ਮਨੁੱਖ ਦੀ) ਉਮਰ ਚਾਰ ਜੁਗਾਂ ਜਿੰਨੀ ਹੋ ਜਾਵੇ ਅਤੇ ਫਿਰ ਇਸ ਤੋਂ ਵੀ ਹੋਰ ਵੱਧ ਦਸ ਗੁਣਾਂ ਹੋ ਜਾਵੇ...

ਨਵਾ *(ਨਵਾਂ)*	**ਖੰਡਾ** *(ਖੰਡਾਂ)*	**ਵਿਚਿ** *(ਵਿਚ)*	**ਜਾਣੀਐ** *(ਜਾਣੀਐਂ)*
ਨੌਆਂ ਹੀ	ਧਰਤੀ ਦੇ ਭਾਗ	ਅੰਦਰ	ਜਾਣਿਆਂ ਜਾਂਦਾ ਹੋਵੇ

ਨਾਲਿ *(ਨਾਲ)*	**ਚਲੈ** *(ਚੱਲੈ)*	**ਸਭੁ** *(ਸਭ)*	**ਕੋਇ** *(ਕੋ ਏ)* ॥
ਸੰਗ, ਸਾਥ	ਤੁਰੇ	ਹਰ (ਇਕ)	ਕੋਈ

...(ਉਹ ਇਤਨਾ ਨਾਮਵਰ ਹੋਵੇ ਕਿ) ਧਰਤੀ ਦੇ ਨੌਂ ਖੰਡਾਂ ਅੰਦਰ (ਹਰ ਕੋਈ) ਉਸ ਨੂੰ ਜਾਣਦਾ ਹੋਵੇ (ਭਾਵ ਉਸਦੀ ਪ੍ਰਸਿੱਧੀ ਹੋਵੇ) ਅਤੇ ਹਰ ਕੋਈ (ਸਤਿਕਾਰ ਵਜੋਂ) ਉਸ ਨਾਲ ਤੁਰਦਾ ਹੋਵੇ (ਭਾਵ ਹਰ ਕੋਈ ਉਸਦਾ ਕਹਿਣਾ ਮੰਨਦਾ ਹੋਵੇ)...

ਚੰਗਾ	**ਨਾਉ** *(ਨਾਓ)*	**ਰਖਾਇ** *(ਰਖਾ ਏ)*	**ਕੈ,**
ਸ੍ਰੇਸ਼ਟ, ਉੱਤਮ	ਨਾਂ	ਰਖਵਾ	ਕੇ

ਜਸੁ *(ਜਸ)*	**ਕੀਰਤਿ** *(ਕੀਰਤ)*	**ਜਗਿ** *(ਜੱਗ)*	**ਲੇਇ** *(ਲੇ ਅ)* ॥
ਸ਼ੋਭਾ	ਮਹਿਮਾ	ਸੰਸਾਰ ਵਿਚ	ਪ੍ਰਾਪਤ ਕਰ ਲਵੇ

...ਉਹ ਆਪਣਾ ਸ੍ਰੇਸ਼ਟ ਨਾਮ ਰਖਵਾ ਕੇ (ਭਾਵ ਸੰਸਾਰ ਵਿਚ ਉੱਘਾ ਨਾਮਵਰ ਹੋਕੇ) ਸ਼ੋਭਾ ਅਤੇ ਕੀਰਤੀ ਪ੍ਰਾਪਤ ਕਰ ਲਵੇ...

ਜੇ	**ਤਿਸੁ** *(ਤਿਸ)*	**ਨਦਰਿ** *(ਨਦਰ)*	**ਨ** *(ਨਾਂ)*	**ਆਵਈ,**
ਜੇਕਰ	ਤਿਸ (ਪ੍ਰਭੂ ਦੀ)	ਕ੍ਰਿਪਾ ਦ੍ਰਿਸ਼ਟੀ ਵਿਚ	ਨਹੀਂ	ਆਉਂਦਾ

ਤ *(ਤਾਂ)*	**ਵਾਤ**	**ਨ** *(ਨਾਂ)*	**ਪੁਛੈ** *(ਪੁੱਛੈ)*	**ਕੇ** ॥
ਤਾਂ	ਖ਼ਬਰ ਸਾਰ	ਨਹੀਂ	ਪੁਛਦਾ	ਕੋਈ

...(ਤਾਂ ਵੀ) ਜੇਕਰ ਉਸ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਵਿਚ (ਉਹ ਮਨੁੱਖ) ਨਹੀਂ ਆਉਂਦਾ, ਤਾਂ ਕੋਈ ਉਸਦੀ ਖ਼ਬਰ-ਸਾਰ ਤਕ ਵੀ ਨਹੀਂ ਪੁੱਛਦਾ। (ਭਾਵ ਉਹ ਉਸ ਇਨਸਾਨ ਵਰਗਾ ਹੋਵੇਗਾ, ਜਿਸਦੀ ਕੋਈ ਵੀ ਪਰਵਾਹ ਨਹੀਂ ਕਰਦਾ)...

ਕੀਟਾ *(ਕੀਟਾਂ)*	**ਅੰਦਰਿ** *(ਅੰਦਰ)*	**ਕੀਟੁ,** *(ਕੀਟ)*
ਕੀੜਿਆਂ(ਨੀਚਾਂ)	ਵਿਚ	ਕੀੜਾ(ਤੁੱਛ, ਨੀਚ)

ਕਰਿ *(ਕਰ)*	**ਦੋਸੀ,** *(ਦੋਸ਼ੀ)*	**ਦੋਸੁ** *(ਦੋਸ਼)*	**ਧਰੇ** ॥
ਕਰਕੇ	ਗੁਨਹਗਾਰ	ਆਰੋਪ, ਗੁਨਾਹ	ਧਰਦੇ ਹਨ, ਲਾਉਂਦੇ ਹਨ

...(ਸਗੋਂ ਅਜਿਹੇ ਮਨੁੱਖ ਦੀ ਅਵਸਥਾ ਤਾਂ) ਕੀੜਿਆਂ ਮਕੌੜਿਆਂ ਵਿਚ ਵੀ ਤੁੱਛ ਜਿਹੇ ਕੀੜੇ ਵਰਗੀ ਹੈ। (ਪਰਮਾਤਮਾ ਇਸ ਤਰ੍ਹਾਂ ਦੇ ਨਾਮ ਵਿਹੂਣੇ ਇਨਸਾਨ) ਨੂੰ ਅਜਿਹਾ ਗੁਨਹਗਾਰ ਬਣਾਉਂਦਾ ਹੈ

ਕਿ (ਪਾਪੀ ਬੰਦੇ ਵੀ ਉਸਨੂੰ ਮਮੂਲੀ ਕੀਟ ਸਮਝਕੇ ਉਸ ਉੱਤੇ) ਗੁਨਾਹਾਂ ਦਾ ਦੋਸ਼ ਲਾਉਂਦੇ ਹਨ।...

ਨਾਨਕ, **ਨਿਰਗੁਣਿ** *(ਨਿਰਗੁਣ)* **ਗੁਣੁ** *(ਗੁਣ)* **ਕਰੇ**
ਹੇ ਨਾਨਕ! ਗੁਣਹੀਨ ਚੰਗਿਆਈਆਂ (ਪੈਦਾ) ਕਰਦਾ ਹੈ

ਗੁਣਵੰਤਿਆ *(ਗੁਣਵੰ ਤੇਆਂ)* **ਗੁਣੁ** *(ਗੁਣ)* **ਦੇ ॥**
ਗੁਣਵਾਨਾਂ ਨੂੰ ਚੰਗਿਆਈਆਂ ਦਿੰਦਾ ਹੈ

...ਹੇ ਨਾਨਕ! (ਗੁਣ ਨਿਧਿ-ਪਰਮਾਤਮਾ) ਨਿਰਗੁਣਿਆਂ ਨੂੰ (ਆਪਣੀ ਕ੍ਰਿਪਾ-ਦ੍ਰਿਸ਼ਟੀ ਦੁਆਰਾ) ਚੰਗਿਆਈਆਂ ਬਖ਼ਸ਼ਦਾ ਹੈ, ਅਤੇ ਗੁਣਵਾਨਾਂ ਨੂੰ ਵੀ (ਹੋਰ) ਚੰਗਿਆਈਆਂ, ਉਹ (ਪ੍ਰਭੂ ਆਪ ਹੀ) ਦਿੰਦਾ ਹੈ।...

ਤੇਹਾ **ਕੋਇ** *(ਕੋ ਏ)* **ਨ** *(ਨਾਂ)* **ਸੁਝਈ**
ਤਿਸ ਜੇਹਾ ਕੋਈ ਨਹੀਂ ਸੁਝਦਾ, ਸੋਚਿਆ ਜਾ ਸਕਦਾ

ਜਿ *(ਜੇ)* **ਤਿਸੁ** *(ਤਿਸ)* **ਗੁਣੁ** *(ਗੁਣ)*
ਜਿਹੜਾ ਤਿਸ ਨੂੰ ਚੰਗਿਆਈਆਂ

ਕੋਇ *(ਕੋ ਏ)* **ਕਰੇ ॥੭॥**
ਕੋਈ ਕਰ ਸਕੇ(ਦੇ ਸਕੇ)

...ਇਹੋ ਜਿਹਾ ਹੋਰ ਕੋਈ ਵੀ ਨਹੀਂ ਸੁਝਦਾ, ਭਾਵ ਸੋਚਿਆ ਜਾ ਸਕਦਾ ਜੋ (ਗੁਣ-ਨਿਧਿ ਪਰਮਾਤਮਾ ਵਾਂਗ) ਕਿਸੇ (ਗੁਣਹੀਨਾਂ) ਨੂੰ ਚੰਗਿਆਈਆਂ ਦੇ ਸਕਦਾ ਹੋਵੇ।

ਸੁਣਿਐ, *(ਸੁ ਣੈਐਂ)* **ਸਿਧ** **ਪੀਰ**
ਸ਼੍ਰਵਣ ਦੁਆਰਾ ਸਿਧਿਵਾਨ ਪੁਰਸ਼ ਇਸਲਾਮ ਦੇ ਧਾਰਮਿਕ ਆਚਾਰੀਆ

ਸੁਰਿ *(ਸੁਰ)* **ਨਾਥ ॥**
ਦੇਵਤੇ ਜੋਗੀਆਂ ਦੀ ਨਾਥ ਸੰਪਰਦਾ ਦੇ ਆਚਾਰੀਆ

(ਓਅੰਕਾਰ ਦੀ ਨਾਮ-ਧੁਨਿ ਅਥਵਾ ਪਰਮਾਤਮ-ਸ਼ਬਦ ਦੇ) ਸੁਣਣ (ਭਾਵ ਅਨੁਭਵ) ਦੁਆਰਾ ਸਿਧ, ਪੀਰ, ਸੁਰ ਅਤੇ ਨਾਥਾਂ ਵਰਗੇ ਮਹਾਂਪੁਰਸ਼ਾਂ ਵਾਲਾ ਅਨੁਭਵ ਪ੍ਰਾਪਤ ਹੋ ਜਾਂਦਾ ਹੈ।...

ਸੁਣਿਐ, *(ਸੁ ਣੈਐਂ)* **ਧਰਤਿ** *(ਧਰਤ)*
ਸ਼੍ਰਵਣ ਦੁਆਰਾ ਧਰਤੀ ਦੇ

ਧਵਲ **ਆਕਾਸ** *(ਆਕਾਸ਼)* **॥**
ਧਉਲ, ਬਲਦ ਅਸਮਾਨ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਨੂੰ) ਧਰਤੀ ਹੇਠਲੇ ਬਲਦ (ਭਾਵ ਧਰਤੀ ਹੇਠ ਜੋ ਹੋ ਰਿਹਾ ਹੈ) ਅਤੇ ਧਰਤੀ ਤੋਂ ਉਪਰ ਅਸਮਾਨ ਦੇ ਸਾਰੇ ਰਹੱਸਾਂ ਦਾ ਗਿਆਨ ਹੋ ਜਾਂਦਾ ਹੈ।...

ਸੁਣਿਐ, *(ਸੁ ਣੈਐਂ)* **ਦੀਪ** **ਲੋਅ** *(ਲੋ ਅ)*
ਸ਼੍ਰਵਣ ਦੁਆਰਾ ਟਾਪੂ(ਨੌਂ ਟਾਪੂ ਮੰਨੇ ਗਏ ਹਨ) ਲੋਕ(ਚੌਦਾਂ ਲੋਕ ਮੰਨੇ ਗਏ ਹਨ)

ਪਾਤਾਲ ॥
ਧਰਤੀ ਹੇਠਲੇ ਲੋਕ(ਧਰਤੀ ਹੇਠ ਸੱਤ ਲੋਕ ਮੰਨੇ ਗਏ ਹਨ)

...ਸ਼੍ਰਵਣ (ਕਰਨ ਦੀ ਬਿਰਤੀ ਦੇ ਅਨੁਭਵ) ਦੁਆਰਾ (ਧਰਮ ਸਾਧਕ ਨੂੰ) ਦੀਪਾਂ, ਲੋਆਂ ਅਤੇ ਪਾਤਾਲਾਂ ਦੇ ਰਹੱਸ ਦਾ ਵੀ ਗਿਆਨ ਹੋ ਜਾਂਦਾ ਹੈ...

ਸੁਣਿਐ, *(ਸੁ ਣੈਐਂ)* **ਪੋਹਿ** *(ਪੋਹ)*
ਸ਼੍ਰਵਣ ਦੁਆਰਾ ਪ੍ਰਭਾਵਿਤ ਕਰਨਾ

ਨ *(ਨਾਂ)* **ਸਕੈ** **ਕਾਲੁ** *(ਕਾ.ਲ)* ॥
ਨਹੀਂ ਸਕਦਾ ਮੌਤ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ ਸਾਧਕ ਨੂੰ) ਮੌਤ ਦਾ ਡਰ ਪ੍ਰਭਾਵਿਤ ਨਹੀਂ ਕਰ ਸਕਦਾ।...

ਨਾਨਕ, **ਭਗਤਾ** *(ਭਗਤਾਂ)* **ਸਦਾ** **ਵਿਗਾਸੁ** *(ਵਿਗਾਸ)* ॥
ਹੇ ਨਾਨਕ! ਭਗਤਾਂ ਨੂੰ, ਧਰਮ ਸਾਧਕਾਂ ਨੂੰ ਹਮੇਸ਼ਾਂ ਖੇੜਾ, ਪ੍ਰਸੰਨਤਾ

...ਹੇ ਨਾਨਕ! (ਪਰਮਾਤਮ-ਚਿੰਤਨ ਦੇ ਅਨੁਭਵ ਕਰਕੇ) ਭਗਤ-ਜਨ, ਸਦਾ ਖੇੜੇ ਅਤੇ ਪ੍ਰਸੰਨਤਾ ਦੀ ਅਵਸਥਾ ਵਿਚ ਰਹਿੰਦੇ ਹਨ।

ਸੁਣਿਐ, *(ਸੁ ਣੈਐਂ)* **ਦੂਖ** **ਪਾਪ**
ਸ਼੍ਰਵਣ ਦੁਆਰਾ ਕਸ਼ਟ ਦੁਸ਼ਕਰਮ, ਭੈੜੇ ਕਰਮ

ਕਾ **ਨਾਸੁ** *(ਨਾਸ਼)* ॥੮॥
ਦਾ ਖ਼ਤਮ, ਨਿਰਵਿਰਤ

ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਦੇ) ਭੈੜੇ ਕਰਮਾਂ

ਅਤੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ।...

ਸੁਣਿਐ, *(ਸੁ ਣੈਐਂ)* **ਈਸਰੁ** *(ਈਸ਼ਰ)*
ਸ਼੍ਰਵਣ ਦੁਆਰਾ ਸ਼ਿਵ(ਮੌਤ ਦਾ ਦੇਵਤਾ)

ਬਰਮਾ *(ਬ੍ਰ ਹਮਾਂ)* **ਇੰਦੁ** *(ਇੰਦ)* ॥
ਬ੍ਰਹਮਾ(ਉਤਪੱਤੀ ਦਾ ਦੇਵਤਾ) ਇੰਦਰ, ਦੇਵਰਾਜ(ਮੀਂਹ ਦਾ ਦੇਵਤਾ)

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਨੂੰ) ਸ਼ਿਵ, ਬ੍ਰਹਮਾ ਅਤੇ ਇੰਦਰ ਦੇਵਤੇ ਵਰਗਾ ਮਹੱਤਵ ਪ੍ਰਾਪਤ ਹੋ ਜਾਂਦਾ ਹੈ।...

ਸੁਣਿਐ, *(ਸੁ ਣੈਐਂ)* **ਮੁਖਿ** *(ਮੁਖ)* **ਸਾਲਾਹਣ** **ਮੰਦੁ** *(ਮੰਦ)* ॥
ਸ਼੍ਰਵਣ ਦੁਆਰਾ ਮੁੱਖ ਰਾਹੀਂ ਸਿਫ਼ਤਾਂ ਕਰਨਾ ਮੰਦੇ(ਮਨੁੱਖ)

...ਸ਼੍ਰਵਣ (ਦੇ ਅਨੁਭਵ) ਦੁਆਰਾ ਮਾੜੇ ਇਨਸਾਨ, ਆਪਣੇ ਮੁਖ ਰਾਹੀਂ (ਪਰਮਾਤਮਾ ਦੀ) ਸਿਫ਼ਤ ਸਲਾਹ ਕਰਨ ਲਗ ਪੈਂਦੇ ਹਨ।...

ਸੁਣਿਐ, *(ਸੁ ਣੈਐਂ)* **ਜੋਗ** **ਜੁਗਤਿ** *(ਜੁਗਤ)*
ਸ਼੍ਰਵਣ ਦੁਆਰਾ ਸੰਜੋਗ, ਜੁੜਨ ਜੁਗਤੀ

ਤਨਿ *(ਤਨ)* **ਭੇਦ** ॥
ਸਰੀਰ ਦੇ ਰਹੱਸ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਨੂੰ ਸਤਿ-ਮਾਰਗ ਨਾਲ) ਜੁੜਨ ਦੀ ਜੁਗਤੀ ਅਤੇ ਸਰੀਰ ਦੇ ਸੂਖਮ ਰਹੱਸਾਂ ਦਾ ਗਿਆਨ ਹੋ ਜਾਂਦਾ ਹੈ।...

ਸੁਣਿਐ, *(ਸੁ ਣਿਐਂ)* **ਸਾਸਤ** *(ਸ਼ਾਸਤ)*
ਸ਼੍ਰਵਣ ਦੁਆਰਾ ਸ਼ਾਸਤਰ(ਭਾਰਤ ਦੇ ਛੇ ਪ੍ਰਾਚੀਨ ਧਰਮ-ਗ੍ਰੰਥ)

ਸਿਮ੍ਰਿਤਿ *(ਸਿਮ ਰਿਤ)* **ਵੇਦ ॥**
ਸਿਮਰਤੀਆਂ (ਚਾਰ) ਵੇਦ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਨੂੰ) ਸ਼ਾਸਤਰਾਂ, ਸਿਮਰਤੀਆਂ ਅਤੇ ਵੇਦਾਂ ਵਿਚਲੇ ਗਿਆਨ ਦੀ ਸੋਝੀ ਹੋ ਜਾਂਦੀ ਹੈ।...

ਨਾਨਕ, **ਭਗਤਾ** *(ਭਗਤਾਂ)* **ਸਦਾ** **ਵਿਗਾਸੁ** *(ਵਿਗਾਸ)* **॥**
ਹੇ ਨਾਨਕ ! ਭਗਤਾਂ ਨੂੰ, ਧਰਮ ਸਾਧਕਾਂ ਨੂੰ ਹਮੇਸ਼ਾਂ ਖੇੜਾ, ਪ੍ਰਸੰਨਤਾ

...ਹੇ ਨਾਨਕ ! (ਪਰਮਾਤਮ-ਚਿੰਤਨ ਦੇ ਅਨੁਭਵ ਕਰਕੇ) ਭਗਤ-ਜਨ, ਸਦਾ ਖੇੜੇ ਅਤੇ ਪ੍ਰਸੰਨਤਾ ਦੀ ਅਵਸਥਾ ਵਿਚ ਰਹਿੰਦੇ ਹਨ।

ਸੁਣਿਐ, *(ਸੁ ਣਿਐਂ)* **ਦੂਖ** **ਪਾਪ**
ਸ਼੍ਰਵਣ ਦੁਆਰਾ ਕਸ਼ਟ ਦੁਸ਼ਕਰਮ, ਭੈੜੇ ਕਰਮ

ਕਾ **ਨਾਸੁ** *(ਨਾਸ਼)* **॥੯॥**
ਦਾ ਖ਼ਤਮ, ਨਿਰਵਿਰਤ

ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਦੇ) ਭੈੜੇ ਕਰਮਾਂ ਅਤੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ।...

ਸੁਣਿਐ, *(ਸੁ ਣਿਐਂ)* **ਸਤੁ** *(ਸਤ)*
ਸ਼੍ਰਵਣ ਦੁਆਰਾ ਸਤਿਵਾਦੀ

ਸੰਤੋਖੁ, *(ਸੰਤੋਖ)* **ਗਿਆਨੁ** *(ਗੵਆਨ)* ॥
ਸੰਤੋਖੀ, ਸਬਰ ਵਾਲਾ ਗਿਆਨਵਾਨ

ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ ਸਾਧਕ) ਸਤਿਵਾਦੀ, ਸੰਤੋਖੀ ਅਤੇ ਗਿਆਨਵਾਨ ਹੋ ਜਾਂਦਾ ਹੈ।...

ਸੁਣਿਐ, *(ਸੁ ਣੈਐਂ)* **ਅਠਸਠਿ** *(ਅਠਸਠ)*
ਸ਼੍ਰਵਣ ਦੁਆਰਾ ਅੱਠ+ਸੱਠ=ਅਠਾਹਠ

ਕਾ **ਇਸਨਾਨੁ** *(ਇਸ਼ਨਾਨ)* ॥
ਦਾ ਇਸ਼ਨਾਨ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ) ਨੂੰ ਸੋਝੀ ਹੋ ਜਾਂਦੀ ਹੈ ਕਿ ਨਾਮ ਸਿਮਰਨ ਵਿਚ ਜੁੜੇ ਰਹਿਣਾ ਹੀ) ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।...

ਸੁਣਿਐ, *(ਸੁ ਣੈਐਂ)* **ਪੜਿ** *(ਪੜ੍ਹ)* **ਪੜਿ** *(ਪੜ੍ਹ)*
ਸ਼੍ਰਵਣ ਦੁਆਰਾ ਪੜ੍ਹ ਕੇ ਪੜ੍ਹ ਕੇ

ਪਾਵਹਿ *(ਪਾਵੈਂ ਹ)* **ਮਾਨੁ** *(ਮਾਨ)* ॥
ਪਾਉਂਦੇ ਹਨ ਆਦਰ, ਇੱਜ਼ਤ

...(ਵੇਦ, ਸ਼ਾਸਤ੍ਰ, ਸਿਮ੍ਰਤੀਆਂ ਅਤੇ ਹੋਰ ਧਰਮ ਗ੍ਰੰਥਾਂ ਆਦਿਕ ਨੂੰ) ਪੜ੍ਹ ਪੜ੍ਹ ਕੇ ਜੋ ਮਾਣ ਇੱਜ਼ਤ ਮਿਲਦਾ ਹੈ, ਉਹ (ਭਗਤ-ਜਨਾਂ ਨੂੰ) ਸ਼੍ਰਵਣ (ਦੇ ਅਨੁਭਵ) ਦੁਆਰਾ ਸਹਿਜ-ਸੁਭਾ ਹੀ ਪ੍ਰਾਪਤ ਹੋ ਜਾਂਦਾ ਹੈ।...

ਸੁਣਿਐ, *(ਸੁ ਣੈਐਂ)* **ਲਾਗੈ**
ਸ਼੍ਰਵਣ ਦੁਆਰਾ ਲਗ ਜਾਂਦਾ ਹੈ

ਸਹਜਿ *(ਸੈ ਹਜ)* **ਧਿਆਨੁ** *(ਧੈਆਨ)* ॥
ਅਡੋਲ ਅਵਸਥਾ ਸੁਰਤ, ਲਿਵ, ਬਿਰਤੀ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਦੀ) ਸੁਰਤੀ, ਆਤਮਿਕ-ਅਡੋਲਤਾ ਵਾਲੀ ਅਵਸਥਾ ਵਿਚ ਜੁੜ ਜਾਂਦੀ ਹੈ।...

ਨਾਨਕ, **ਭਗਤਾ** *(ਭਗਤਾਂ)* **ਸਦਾ** **ਵਿਗਾਸੁ** *(ਵਿਗਾਸ)* ॥
ਹੇ ਨਾਨਕ ! ਭਗਤਾਂ ਨੂੰ, ਧਰਮ ਸਾਧਕਾਂ ਨੂੰ ਹਮੇਸ਼ਾਂ ਖੇੜਾ, ਪ੍ਰਸੰਨਤਾ

...ਹੇ ਨਾਨਕ ! (ਪਰਮਾਤਮ-ਚਿੰਤਨ ਦੇ ਅਨੁਭਵ ਕਰਕੇ) ਭਗਤ-ਜਨ, ਸਦਾ ਖੇੜੇ ਅਤੇ ਪ੍ਰਸੰਨਤਾ ਦੀ ਅਵਸਥਾ ਵਿਚ ਰਹਿੰਦੇ ਹਨ।

ਸੁਣਿਐ, *(ਸੁ ਣੈਐਂ)* **ਦੂਖ** **ਪਾਪ**
ਸ਼੍ਰਵਣ ਦੁਆਰਾ ਕਸ਼ਟ ਦੁਸ਼ਕਰਮ, ਭੈੜੇ ਕਰਮ

ਕਾ **ਨਾਸੁ** *(ਨਾਸ਼)* ॥੧੦॥
ਦਾ ਖ਼ਤਮ, ਨਿਰਵਿਰਤ

ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਦੇ) ਭੈੜੇ ਕਰਮਾਂ ਅਤੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ।...

ਸੁਣਿਐ, *(ਸੁ ਣੈਐਂ)* **ਸਰਾ** *(ਸਰਾਂ)*
ਸ਼੍ਰਵਣ ਦੁਆਰਾ ਸਮੁੰਦਰਾਂ

ਗੁਣਾ *(ਗੁਣਾਂ)* **ਕੇ** **ਗਾਹ** ॥
ਗੁਣਾਂ ਦੇ, ਵਾਲੇ ਗਾਹ ਲਈਦਾ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ) ਬੇਅੰਤ ਗੁਣਾਂ ਵਾਲੇ ਸਮੁੰਦਰਾਂ ਨੂੰ ਗਾਹ ਲੈਂਦਾ ਹੈ, ਉਨ੍ਹਾਂ ਵਿਚ ਡੂੰਘੀ ਚੁੱਭੀ ਲਾ ਲੈਂਦਾ ਹੈ, ਭਾਵ ਉਨ੍ਹਾਂ ਦੀ ਅਸਲੀਅਤ ਪਤਾ ਲਗ ਜਾਂਦੀ ਹੈ।...

ਸੁਣਿਐ, *(ਸੁ ਣੈਐਂ)* **ਸੇਖ** *(ਸ਼ੇਖ)*
ਸ਼੍ਰਵਣ ਦੁਆਰਾ ਸ਼ੇਖ(ਇਸਲਾਮ ਧਰਮ ਵਿਚ ਧਾਰਮਿਕ ਵਿਦਵਾਨ ਨੂੰ ਸ਼ੇਖ ਵੀ ਕਹਿੰਦੇ ਹਨ)

ਪੀਰ **ਪਾਤਿਸਾਹ** *(ਪਾਤਸ਼ਾਹ)* ॥
ਇਸਲਾਮ ਦੇ ਧਾਰਮਿਕ ਆਚਾਰੀਆ ਬਾਦਸ਼ਾਹ

...ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ ਸਾਧਕ ਨੂੰ) ਸ਼ੇਖ, ਪੀਰ ਅਤੇ ਬਾਦਸ਼ਾਹਾਂ ਵਰਗਾ ਗੌਰਵਮਈ ਮਹੱਤਵ ਪ੍ਰਾਪਤ ਹੋ ਜਾਂਦਾ ਹੈ।...

ਸੁਣਿਐ, *(ਸੁ ਣੈਐਂ)* **ਅੰਧੇ**
ਸ਼੍ਰਵਣ ਦੁਆਰਾ ਅੰਨ੍ਹੇ, ਭਾਵ ਅਗਿਆਨੀ

ਪਾਵਹਿ *(ਪਾਵੈਂਹ)* **ਰਾਹੁ** *(ਰਾਹ)* ॥
ਪਾ ਲੈਂਦੇ ਹਨ ਰਸਤਾ, ਮਾਰਗ

...ਸ਼੍ਰਵਣ (ਦੇ ਅਨੁਭਵ) ਦੁਆਰਾ ਅਨ੍ਹੇ, ਭਾਵ ਅਗਿਆਨੀ-ਪੁਰਸ਼ (ਪਰਮਾਤਮ) ਮਾਰਗ ਦੀ ਸੋਝੀ ਪ੍ਰਾਪਤ ਕਰ ਲੈਂਦੇ ਹਨ।...

ਸੁਣਿਐ, *(ਸੁ ਣੈਐਂ)* **ਹਾਥ** **ਹੋਵੈ** **ਅਸਗਾਹੁ** *(ਅਸਗਾਹ)* ॥
ਸ਼੍ਰਵਣ ਦੁਆਰਾ ਥਾਹ, ਰਹੱਸ ਹੋ ਜਾਂਦੈ ਅਥਾਹ, ਅਗਾਧ

...ਸ਼੍ਰਵਣ (ਦੇ ਅਨੁਭਵ) ਦੁਆਰਾ ਅਗਾਧ-ਬੋਧ ਬ੍ਰਹਿਮੰਡੀ ਰਹੱਸਾਂ ਦਾ ਗਿਆਨ ਹੋ ਜਾਂਦਾ ਹੈ।...

ਨਾਨਕ, **ਭਗਤਾ** *(ਭਗਤਾਂ)* **ਸਦਾ** **ਵਿਗਾਸੁ** *(ਵਿਗਾਸ)* ॥
ਹੇ ਨਾਨਕ! ਭਗਤਾਂ ਨੂੰ, ਧਰਮ ਸਾਧਕਾਂ ਨੂੰ ਹਮੇਸ਼ਾਂ ਖੇੜਾ, ਪ੍ਰਸੰਨਤਾ

...ਹੇ ਨਾਨਕ! (ਪਰਮਾਤਮ-ਚਿੰਤਨ ਦੇ ਅਨੁਭਵ ਕਰਕੇ) ਭਗਤ-ਜਨ, ਸਦਾ ਖੇੜੇ ਅਤੇ ਪ੍ਰਸੰਨਤਾ ਦੀ ਅਵਸਥਾ ਵਿਚ ਰਹਿੰਦੇ ਹਨ।

ਸੁਣਿਐ, *(ਸੁ ਣੈਐਂ)* **ਦੂਖ** **ਪਾਪ**
ਸ਼੍ਰਵਣ ਦੁਆਰਾ ਕਸ਼ਟ ਦੁਸ਼ਕਰਮ, ਭੈੜੇ ਕਰਮ

ਕਾ **ਨਾਸੁ** *(ਨਾਸ਼)* ॥੧੧॥
ਦਾ ਖ਼ਤਮ, ਨਿਰਵਿਰਤ

ਸ਼੍ਰਵਣ (ਦੇ ਅਨੁਭਵ) ਦੁਆਰਾ (ਧਰਮ-ਸਾਧਕ ਦੇ) ਭੈੜੇ ਕਰਮਾਂ ਅਤੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ।...

ਮੰਨੇ *(ਮੰਨੇਂ)* **ਕੀ** **ਗਤਿ,** *(ਗਤ)*
ਮਨਨ, ਚਿੰਤਨ ਦੀ ਅਵਸਥਾ

ਕਹੀ **ਨ** *(ਨਾਂ)* **ਜਾਇ** *(ਜਾ ਏ)* ॥
ਆਖੀ,ਬਿਆਨ ਨਹੀਂ ਜਾ ਸਕਦੀ

ਮਨਨ ਭਾਵ ਚਿੰਤਨ ਕਰਨ ਵਾਲੇ (ਧਰਮ-ਸਾਧਕ) ਦੀ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ।...

ਜੇ **ਕੋ** **ਕਹੈ** **ਪਿਛੈ** **ਪਛੁਤਾਇ** *(ਪਛੁਤਾ ਏ)* ॥
ਜੇਕਰ ਕੋਈ ਬਿਆਨ ਕਰੇ ਪਿਛੋਂ ਪਛਤਾਉਂਦਾ ਹੈ।

...ਜੇਕਰ ਕੋਈ (ਮਨਨ ਕਰਨ ਵਾਲੇ ਧਰਮ-ਸਾਧਕ ਦੀ ਅਵਸਥਾ) ਬਿਆਨ ਕਰੇ ਤਾਂ ਉਹ ਪਿਛੋਂ ਪਛਤਾਉਂਦਾ ਹੈ।...

ਕਾਗਦਿ, *(ਕਾਗਦ)* **ਕਲਮ**
ਕਾਗਜ਼ ਲੇਖਣੀ, ਲਿਖਣ ਦਾ ਸੰਦ

ਨ *(ਨਾਂ)* **ਲਿਖਣਹਾਰੁ** *(ਲਿਖਣਹਾਰ)* ॥
ਨਹੀਂ ਲਿਖਾਰੀ, ਲੇਖਕ

...(ਮਨਨ, ਭਾਵ ਚਿੰਤਨ ਕਰਨ ਕਰਨ ਵਾਲੇ ਧਰਮ-ਸਾਧਕ ਦੀ ਅਵਸਥਾ ਬਿਆਨ ਕਰਨ ਲਈ) ਨਾ ਕੋਈ ਕਾਗਜ਼ ਹੈ, ਨਾ ਕੋਈ ਕਲਮ ਅਤੇ ਨਾਂ ਹੀ ਕੋਈ ਲਿਖਾਰੀ ਹੈ।...

ਮੰਨੇ *(ਮੰਨੇਂ)* **ਕਾ,**
ਮਨਨ, ਚਿੰਤਨ ਦਾ

ਬਹਿ *(ਬੈ ਹ)* **ਕਰਨਿ** *(ਕਰਨ)* **ਵੀਚਾਰੁ** *(ਵੀਚਾਰ)* ॥
ਬੈਠ ਕੇ ਕਰਦੇ ਹਨ ਚਰਚਾ, ਵਿਆਖਿਆ

...(ਸਿਆਣੇ ਲੋਕ) ਮਨਨ ਕਰਨ ਵਾਲਿਆਂ ਦੀ (ਅਵਸਥਾ ਦੀ) ਬੈਠ ਕੇ ਵੀਚਾਰ-ਚਰਚਾ ਕਰਦੇ ਹਨ (ਪ੍ਰੰਤੂ ਕੋਈ ਵੀ ਕਾਗਜ਼, ਕਲਮ ਜਾਂ ਲਿਖਾਰੀ ਉਨ੍ਹਾਂ ਧਰਮ-ਸਾਧਕਾਂ ਦੀਆਂ ਆਤਮਿਕ

ਉਚਾਈਆਂ ਦੀ ਅਵਸਥਾ ਦਾ ਬਿਆਨ ਨਹੀਂ ਕਰ ਸਕਦਾ)...

ਐਸਾ **ਨਾਮੁ,** *(ਨਾਮ)*
ਇਹੋ ਜਿਹਾ ਪਰਮਾਤਮ-ਸਰੂਪ

ਨਿਰੰਜਨੁ *(ਨਿਰੰਜਨ)* **ਹੋਇ** *(ਹੋਏ)* ॥
ਮਾਇਆ ਤੋਂ ਰਹਿਤ ਹੈ

...ਇਹੋ ਜਿਹਾ ਹੈ, ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ।...

ਜੇ **ਕੋ** **ਮੰਨਿ** *(ਮੰਨ)* **ਜਾਣੈ** *(ਜਾਣੈਂ)*
ਜੇਕਰ ਕੋਈ ਮਨਨ ਕਰਕੇ ਜਾਣ ਲਵੇ, ਅਨੁਭਵ ਕਰ ਲਵੇ

ਮਨਿ *(ਮਨ)* **ਕੋਇ** *(ਕੋਏ)* ॥੧੨॥
ਮਨ ਵਿਚ ਕੋਈ

...ਜੇਕਰ ਕੋਈ ਆਪਣੇ ਮਨ ਵਿਚ ਮਨਨ ਕਰਕੇ ਜਾਣੇ ਅਥਵਾ ਅਨੁਭਵ ਕਰੇ (ਤਾਂ ਹੀ ਪਤਾ ਲਗਦਾ ਹੈ, ਕਿ ਇਹੋ ਜਿਹਾ ਹੈ ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ)।...

ਮੰਨੈ, *(ਮੰਨੈਂ)* **ਸੁਰਤਿ** *(ਸੁਰਤ)* **ਹੋਵੈ**
ਮਨਨ, ਚਿੰਤਨ ਉਚੇਰੀ ਚੇਤਨਾ ਹੁੰਦੀ ਹੈ

ਮਨਿ *(ਮਨ)* **ਬੁਧਿ** *(ਬੁੱਧ)* ॥
ਮਨ ਵਿਚ ਬੁੱਧੀ(ਈਸ਼ਵਰੀ ਗਿਆਨ)

...ਮਨਨ ਕਰਨ ਦੁਆਰਾ (ਧਰਮ-ਸਾਧਕ) ਦੇ ਮਨ ਅਤੇ ਬੁੱਧੀ ਵਿਚ ਉਚੇਰੀ ਚੇਤਨਾ, ਭਾਵ ਈਸ਼ਵਰੀ-ਗਿਆਨ (ਦਾ ਪ੍ਰਕਾਸ਼ ਹੋ ਜਾਂਦਾ

ਹੈ)।...

ਮੰਨੈ, *(ਮੰਨੈਂ)* **ਸਗਲ** **ਭਵਣ** **ਕੀ** **ਸੁਧਿ** *(ਸੁੱਧ)* ॥
ਮਨਨ, ਚਿੰਤਨ ਸਾਰੇ ਲੋਕਾਂ(ਭਵਣਾਂ) ਦੀ ਸੋਝੀ, ਗਿਆਨ

...ਮਨਨ ਕਰਨ ਵਾਲੇ (ਧਰਮ ਸਾਧਕ ਨੂੰ) ਸੰਮੂਹ ਭਵਣਾਂ ਦੀ ਸੋਝੀ ਹੋ ਜਾਂਦੀ ਹੈ।...

ਮੰਨੈ, *(ਮੰਨੈਂ)* **ਮੁਹਿ** *(ਮੁੰਹ)* **ਚੋਟਾ** *(ਚੋਟਾਂ)*
ਮਨਨ, ਚਿੰਤਨ ਮੂੰਹ ਉਤੇ ਸੱਟਾਂ, ਚਪੇੜਾਂ

ਨਾ *(ਨਾਂ)* **ਖਾਇ** *(ਖਾਏ)* ॥
ਨਹੀਂ ਖਾਂਦਾ

...ਮਨਨ ਕਰਨ ਦੁਆਰਾ (ਧਰਮ-ਸਾਧਕ ਨੂੰ) ਮੂੰਹ ਉੱਤੇ (ਮਾਇਆਵੀ ਵਿਕਾਰਾਂ ਦੀਆਂ) ਸੱਟਾਂ ਨਹੀਂ ਖਾਣੀਆਂ ਪੈਂਦੀਆਂ (ਭਾਵ ਉਹ ਹਰ ਪ੍ਰਕਾਰ ਦੀ ਵਿਕਾਰਾਂ ਦੀ ਸਜ਼ਾ ਤੋਂ ਬਚ ਜਾਂਦਾ ਹੈ ਕਿਉਂਕਿ ਧਰਮ-ਚਿੰਤਨ ਨਾਲ ਉਸਦੇ ਸਾਰੇ ਪਾਪ ਧੋਤੇ ਜਾਂਦੇ ਹਨ)...

ਮੰਨੈ, *(ਮੰਨੈਂ)* **ਜਮ** **ਕੈ**
ਮਨਨ, ਚਿੰਤਨ ਜਮਦੂਤ(ਮ੍ਰਿਤੂ ਦੂਤ) ਦੇ

ਸਾਥਿ *(ਸਾਥ)* **ਨ** *(ਨਾਂ)* **ਜਾਇ** *(ਜਾਏ)* ॥
ਨਾਲ ਨਹੀਂ ਜਾਂਦਾ

...ਮਨਨ ਕਰਨ ਦੁਆਰਾ (ਧਰਮ-ਸਾਧਕ) ਜਮਦੂਤ ਦੇ ਨਾਲ (ਧਰਮ-ਰਾਜ ਕੋਲ) ਨਹੀਂ ਜਾਂਦਾ।...

ਐਸਾ **ਨਾਮੁ,** *(ਨਾਮ)*
ਇਹੋ ਜਿਹਾ ਪਰਮਾਤਮ-ਸਰੂਪ

ਨਿਰੰਜਨੁ *(ਨਿਰੰਜਨ)* **ਹੋਇ** *(ਹੋ ਏ)* ॥
ਮਾਇਆ ਤੋਂ ਰਹਿਤ ਹੈ

...ਇਹੋ ਜਿਹਾ ਹੈ, ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ।...

ਜੇ **ਕੋ** **ਮੰਨਿ** *(ਮੰਨ)* **ਜਾਣੈ** *(ਜਾਣੈਂ)*
ਜੇਕਰ ਕੋਈ ਮਨਨ ਕਰਕੇ ਜਾਣ ਲਵੇ, ਅਨੁਭਵ ਕਰ ਲਵੇ

ਮਨਿ *(ਮਨ)* **ਕੋਇ** *(ਕੋ ਏ)* ॥੧੨॥
ਮਨ ਵਿਚ ਕੋਈ

...ਜੇਕਰ ਕੋਈ ਆਪਣੇ ਮਨ ਵਿਚ ਮਨਨ ਕਰਕੇ ਜਾਣੇ ਅਥਵਾ ਅਨੁਭਵ ਕਰੇ (ਤਾਂ ਹੀ ਪਤਾ ਲਗਦਾ ਹੈ, ਕਿ ਇਹੋ ਜਿਹਾ ਹੈ ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ)।...

ਮੰਨੈ, *(ਮੰਨੈਂ)* **ਮਾਰਗਿ** *(ਮਾਰਗ)*
ਮਨਨ, ਚਿੰਤਨ ਮਾਰਗ ਵਿਚ, ਰਸਤੇ ਵਿਚ

ਠਾਕ **ਨ** *(ਨਾਂ)* **ਪਾਇ** *(ਪਾ ਏ)* ॥
ਰੋਕ ਨਹੀਂ ਪੈਂਦੀ

ਮਨਨ ਕਰਨ ਦੁਆਰਾ (ਧਰਮ-ਸਾਧਕ) ਨੂੰ ਪਰਮਾਤਮ-ਮਾਰਗ (ਵਲ ਜਾਂਦਿਆਂ) ਕੋਈ ਰੁਕਾਵਟ ਨਹੀਂ ਪੈਂਦੀ।...

ਮੰਨੈ, *(ਮੰਨੈਂ)* **ਪਤਿ** *(ਪਤ)* **ਸਿਉ** *(ਸਿਉਂ)*
ਮਨਨ, ਚਿੰਤਨ ਆਦਰ, ਸਤਿਕਾਰ ਨਾਲ

ਪਰਗਟੁ *(ਪਰਗਟ)* **ਜਾਇ** *(ਜਾਏ)* ॥
ਪ੍ਰਤੱਖ, ਸਨਮੁੱਖ ਜਾਂਦਾ ਹੈ

...ਮਨਨ ਕਰਨ ਦੁਆਰਾ (ਧਰਮ-ਸਾਧਕ, ਪ੍ਰਭੂ ਦੀ ਹਜ਼ੂਰੀ ਵਿਚ) ਆਦਰ ਸਤਿਕਾਰ ਨਾਲ ਪ੍ਰਤੱਖ, ਭਾਵ ਸਨਮੁੱਖ ਹੋ ਕੇ ਜਾਂਦਾ ਹੈ।...

ਮੰਨੈ, *(ਮੰਨੈਂ)* **ਮਗੁ** *(ਮਗ)*
ਮਨਨ, ਚਿੰਤਨ ਮਾਰਗ,ਰਸਤਾ

ਨ *(ਨਾਂ)* **ਚਲੈ** *(ਚੱਲੈ)* **ਪੰਥੁ** *(ਪੰਥ)* ॥
ਨਹੀਂ ਚਲਦਾ (ਕਰਮਕਾਂਡੀ) ਪੰਧ, ਰਾਹ

...ਮਨਨ ਕਰਨ ਦੁਆਰਾ (ਧਰਮ-ਸਾਧਕ) ਕਰਮਕਾਂਡੀ ਅਥਵਾ ਪਖੰਡੀ ਰਸਤਿਆਂ ਤੇ ਨਹੀਂ ਚਲਦਾ।...

ਮੰਨੈ, *(ਮੰਨੈਂ)* **ਧਰਮ** **ਸੇਤੀ** **ਸਨਬੰਧੁ** *(ਸਨਬੰਧ)* ॥
ਮਨਨ, ਚਿੰਤਨ ਨਿਰਮਲ ਕਰਮਾਂ ਵਾਲਾ ਪੰਧ ਨਾਲ ਰਿਸ਼ਤਾ

...ਮਨਨ ਕਰਨ ਦੁਆਰਾ (ਧਰਮ-ਸਾਧਕ) ਦਾ ਧਰਮ, (ਭਾਵ ਨਿਰਮਲ ਪੰਥ) ਨਾਲ ਸਿੱਧਾ ਰਿਸ਼ਤਾ ਜੁੜ ਜਾਂਦਾ ਹੈ...

ਐਸਾ **ਨਾਮੁ,** *(ਨਾਮ)*
ਇਹੋ ਜਿਹਾ ਪਰਮਾਤਮ-ਸਰੂਪ

ਨਿਰੰਜਨੁ *(ਨਿਰੰਜਨ)* **ਹੋਇ** *(ਹੋ ਇ)* ॥
ਮਾਇਆ ਤੋਂ ਰਹਿਤ ਹੈ

...ਇਹੋ ਜਿਹਾ ਹੈ, ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ।...

ਜੇ **ਕੋ** **ਮੰਨਿ** *(ਮੰਨ)* **ਜਾਣੈ** *(ਜਾਣੈਂ)*
ਜੇਕਰ ਕੋਈ ਮਨਨ ਕਰਕੇ ਜਾਣ ਲਵੇ, ਅਨੁਭਵ ਕਰ ਲਵੇ

ਮਨਿ *(ਮਨ)* **ਕੋਇ** *(ਕੋ ਇ)* ॥੧੪॥
ਮਨ ਵਿਚ ਕੋਈ

...ਜੇਕਰ ਕੋਈ ਆਪਣੇ ਮਨ ਵਿਚ ਮਨਨ ਕਰਕੇ ਜਾਣੇ ਅਥਵਾ ਅਨੁਭਵ ਕਰੇ (ਤਾਂ ਹੀ ਪਤਾ ਲਗਦਾ ਹੈ, ਕਿ ਇਹੋ ਜਿਹਾ ਹੈ ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ)।...

ਮੰਨੈ, *(ਮੰਨੈਂ)* **ਪਾਵਹਿ** *(ਪਾਵੈਂ ਹ)*
ਮਨਨ, ਚਿੰਤਨ ਪਾ ਲੈਂਦੇ ਹਨ

ਮੋਖੁ *(ਮੋਖ)* **ਦੁਆਰੁ** *(ਦੋਆਰ)* ॥
ਮੁਕਤੀ ਪਰਮਾਤਮ-ਦਰ, ਰੱਬੀ-ਦਰਵਾਜ਼ਾ

ਮਨਨ ਕਰਨ ਦੁਆਰਾ (ਧਰਮ ਸਾਧਕ) ਮੁਕਤ ਹੋਕੇ ਪਰਮਾਤਮ ਦੁਆਰ ਪ੍ਰਾਪਤ ਕਰ ਲੈਂਦਾ ਹੈ।...

ਮੰਨੈ, *(ਮੰਨੈਂ)* **ਪਰਵਾਰੈ** **ਸਾਧਾਰੁ** *(ਸਾਧਾਰ)* ॥
ਮਨਨ, ਚਿੰਤਨ ਪਰਿਵਾਰ ਨੂੰ, ਸੰਗੀਆਂ ਸਾਥੀਆਂ ਨੂੰ ਆਧਾਰ ਸਹਿਤ ਕਰਨਾ, ਟੇਕ ਦ੍ਰਿੜਾਉਣੀ

...ਮਨਨ ਕਰਨ ਦੁਆਰਾ (ਧਰਮ-ਸਾਧਕ) ਆਪਣੇ ਸੰਗੀਆਂ ਸਾਥੀਆਂ ਨੂੰ ਵੀ (ਆਪਣੇ ਵਾਂਗ ਸਿਮਰਨ ਬੰਦਗੀ ਲਈ) ਆਧਾਰ ਬਖਸ਼ ਦਿੰਦਾ ਹੈ, ਭਾਵ ਟੇਕ ਦ੍ਰਿੜਾਉਂਦਾ ਹੈ।...

ਮੰਨੈ, *(ਮੰਨੈਂ)* **ਤਰੈ,** **ਤਾਰੇ,**
ਮਨਨ, ਚਿੰਤਨ ਤਰ ਜਾਂਦੈ ਤਾਰ ਦਿੰਦੈ

ਗੁਰੁ *(ਗੁਰ)* **ਸਿਖ ॥**
ਉਪਦੇਸ਼ਕ, ਅਧਿਆਪਕ ਸਿਖਿਆਰਥੀ

...ਮਨਨ ਕਰਨ ਦੁਆਰਾ (ਧਰਮ-ਸਾਧਕ) ਆਪ ਤਰਦਾ, ਹੋਰਨਾਂ ਨੂੰ ਤਾਰਦੈ ਅਤੇ ਫਿਰ ਮਨਨ-ਕਰਤਾ, ਉਪਦੇਸ਼ਕ ਬਣਕੇ ਭਾਵ ਸਮਰੱਥ ਹੋਕੇ ਹੋਰਨਾਂ ਸਿਖਾਂ ਨੂੰ ਵੀ ਤਾਰਦਾ ਹੈ।...

ਮੰਨੈ *(ਮੰਨੈ)* **ਨਾਨਕ,**
ਮਨਨ, ਚਿੰਤਨ ਹੇ ਨਾਨਕ!

ਭਵਹਿ *(ਭਵੈਂ ਹ)* **ਨ** *(ਨਾਂ)* **ਭਿਖ ॥**
ਭਉਂਦੇ, ਫਿਰਦੇ ਨਹੀਂ ਭਿਖਿਆ

...ਹੇ ਨਾਨਕ! ਮਨਨ ਕਰਨ ਦੁਆਰਾ (ਧਰਮ-ਸਾਧਕ) ਭਿਖਿਆ ਮੰਗਦੇ ਨਹੀਂ ਫਿਰਦੇ, ਭਾਵ ਉਨ੍ਹਾਂ ਦੀ ਭਟਕਣਾ ਅਤੇ ਮੁਥਾਜੀ ਸਮਾਪਤ ਹੋ ਜਾਂਦੀ ਹੈ।...

ਐਸਾ **ਨਾਮੁ,** *(ਨਾਮ)*
ਇਹੋ ਜਿਹਾ ਪਰਮਾਤਮ-ਸਰੂਪ

ਨਿਰੰਜਨੁ *(ਨਿਰੰਜਨ)* **ਹੋਇ** *(ਹੋਏ)* ॥
ਮਾਇਆ ਤੋਂ ਰਹਿਤ ਹੈ

...ਇਹੋ ਜਿਹਾ ਹੈ, ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ।...

ਜੇ **ਕੋ** **ਮੰਨਿ** *(ਮੰਨ)* **ਜਾਣੈ** *(ਜਾਣੈਂ)*
ਜੇਕਰ ਕੋਈ ਮਨਨ ਕਰਕੇ ਜਾਣ ਲਵੇ, ਅਨੁਭਵ ਕਰ ਲਵੇ

ਮਨਿ *(ਮਨ)* **ਕੋਇ** *(ਕੋਏ)* ॥੧੫॥
ਮਨ ਵਿਚ ਕੋਈ

...ਜੇਕਰ ਕੋਈ ਆਪਣੇ ਮਨ ਵਿਚ ਮਨਨ ਕਰਕੇ ਜਾਣੇ ਅਥਵਾ ਅਨੁਭਵ ਕਰੇ (ਤਾਂ ਹੀ ਪਤਾ ਲਗਦਾ ਹੈ, ਕਿ ਇਹੋ ਜਿਹਾ ਹੈ ਮਾਇਆ ਤੋਂ ਰਹਿਤ ਪਰਮਾਤਮਾ ਦਾ ਸਰੂਪ)।...

ਪੰਚ **ਪਰਵਾਣ,**
ਪਹੁੰਚੇ ਹੋਏ, ਸੰਤ ਜਨ, ਸ੍ਰਵਣ ਅਤੇ ਮਨਨ ਕਰਨ ਵਾਲੇ ਧਰਮ-ਸਾਧਕ — ਕਬੂਲ, ਸਵੀਕਾਰ

ਪੰਚ **ਪਰਧਾਨੁ** *(ਪਰਧਾਨ)* ॥
ਪਹੁੰਚੇ ਹੋਏ, ਸੰਤ-ਜਨ ਮੁਖੀ, ਸ੍ਰੇਸ਼ਟ ਪਦ ਵਾਲੇ

(ਸ੍ਰਵਣ ਅਤੇ ਮਨਨ ਕਰਨ ਵਾਲੇ ਧਰਮ-ਸਾਧਕ, ਸੰਤ-ਜਨ ਬਣ ਜਾਂਦੇ ਹਨ ਅਤੇ ਉਹ) ਪਹੁੰਚੇ ਹੋਏ ਸੰਤ-ਜਨ (ਰੱਬੀ ਦਰਗਾਹ ਵਿਚ) ਪਰਵਾਣ ਹੁੰਦੇ ਹਨ, ਅਤੇ ਅਜਿਹੇ ਪੰਚ-ਜਨ ਹੀ ਪਰਮੇਸ਼ਰ ਦੇ ਦਰਬਾਰ ਵਿਚ ਪਰਧਾਨ ਪੁਰਖ ਹੁੰਦੇ ਹਨ।...

ਪੰਚੇ **ਪਾਵਹਿ,** *(ਪਾਵੈਂ ਹ)*
ਪੰਚ ਜਨ ਪਾਉਂਦੇ ਹਨ

ਦਰਗਹਿ *(ਦਰਗੈ ਹ)* **ਮਾਨੁ** *(ਮਾਨ)* ॥
ਦਰਗਾਹ ਵਿਚ ਆਦਰ, ਇੱਜ਼ਤ

...ਪੰਚ-ਜਨ, ਪਰਮਾਤਮ-ਦਰਗਾਹ ਵਿਚ ਆਦਰ ਸਤਿਕਾਰ ਪ੍ਰਾਪਤ ਕਰਦੇ ਹਨ।...

ਪੰਚੇ **ਸੋਹਹਿ,** *(ਸੋਹੈਂ ਹ)* **ਦਰਿ** *(ਦਰ)* **ਰਾਜਾਨੁ** *(ਰਾਜਾਨ)* ॥
ਪੰਚ ਜਨ ਸ਼ੋਭਦੇ ਹਨ, ਸੁਹਣੇ ਲਗਦੇ ਹਨ ਦੁਆਰ ਵਿਚ ਰਾਜਿਆਂ ਦੇ

...ਪੰਚ-ਜਨ (ਆਪਣੀ ਅਧਿਆਤਮਕ ਕਮਾਈ ਕਰਕੇ) ਰੱਬੀ ਦਰਬਾਰ ਵਿਚ ਰਾਜਿਆਂ ਵਾਂਗ ਸ਼ੋਭਾ ਪਾਉਂਦੇ ਹਨ।...

ਪੰਚਾ *(ਪੰਚਾਂ)* **ਕਾ,**
ਪੰਚ ਜਨਾਂ ਦਾ

ਗੁਰੁ *(ਗੁਰ)* **ਏਕੁ** *(ਏਕ)* **ਧਿਆਨੁ** *(ਧਿਆਨ)* ॥
ਸਤਿਗੁਰੂ ਇੱਕ ਸੁਰਤੀ, ਬਿਰਤੀ, ਲਿਵ

...ਪਰਵਾਣ ਹੋਏ ਸੰਤ-ਜਨਾਂ ਦਾ ਧਿਆਨ ਭਾਵ ਸੁਰਤ ਕੇਵਲ ਇਕ ਸਤਿਗੁਰੂ ਤੇ ਟਿਕੀ ਰਹਿੰਦੀ ਹੈ।...

ਜੇ **ਕੋ** **ਕਹੈ,** **ਕਰੈ** **ਵੀਚਾਰੁ** *(ਵੀਚਾਰ)* ॥
ਜੇਕਰ ਕੋਈ ਆਖੇ ਕਰਕੇ ਸੋਚ-ਵਿਚਾਰ, ਕਥਨ

...ਜੇਕਰ ਕੋਈ (ਵਿਚਾਰਵਾਨ) ਸੋਚ-ਵਿਚਾਰ ਕਰਕੇ (ਅਕਾਲ ਪੁਰਖ ਬਾਰੇ ਕੁਝ) ਆਖੇ...

ਕਰਤੇ **ਕੈ** **ਕਰਣੈ,** *(ਕਰਣੈਂ)*
ਕਰਤਾ ਪੁਰਖ ਦੇ ਕੰਮ, ਕ੍ਰਿਤਾਂ

ਨਾਹੀ *(ਨਾਹੀਂ)* **ਸੁਮਾਰੁ** *(ਸ਼ੁਮਾਰ)* ॥
ਨਹੀਂ ਗਿਣਤੀ, ਲੇਖਾ

...(ਤਾਂ ਵੀ) ਕਰਤਾ ਪੁਰਖ ਦੀਆਂ ਕਿਰਤਾਂ ਦਾ ਲੇਖਾ-ਜੋਖਾ ਨਹੀਂ ਕਰ ਸਕਦਾ।...

ਧੌਲੁ *(ਧੌਲ)* **ਧਰਮੁ,** *(ਧਰਮ)*
(ਪੌਰਾਣਿਕ)ਬਲਦ ਜਿਸ ਬਾਰੇ ਮਿੱਥ ਹੈ ਕਿ ਧਰਤੀ ਉਸਦੇ ਸਿੰਗਾਂ ਤੇ ਟਿਕੀ ਹੈ। ਈਸ਼ਵਰੀ-ਵਿਧਾਨ

ਦਇਆ *(ਦ ੈਆ)* **ਕਾ** **ਪੂਤੁ** *(ਪੂਤ)* ॥
ਕਰੁਣਾ, (ਅਕਾਲ ਪੁਰਖ ਮਿਹਰ) ਦਾ ਪੁੱਤਰ

...ਈਸ਼ਵਰੀ-ਵਿਧਾਨ ਹੀ ਦਰਅਸਲ ਪੌਰਾਣਿਕ ਬਲਦ ਹੈ।(ਭਾਵ ਧਰਤੀ ਈਸ਼ਵਰੀ-ਵਿਧਾਨ ਅਨੁਸਾਰ ਹੀ ਖੜੀ ਹੈ)। ਇਹ ਈਸ਼ਵਰੀ-ਵਿਧਾਨ, ਦਇਆ ਦਾ ਪੁੱਤਰ ਹੈ।(ਭਾਵ ਅਕਾਲ ਪੁਰਖ ਜੀ ਨੇ ਦਇਆ ਕਰਕੇ ਇਹ ਈਸ਼ਵਰੀ-ਵਿਧਾਨ ਸਿਰਜਿਆ ਹੈ)।

ਸੰਤੋਖੁ, *(ਸੰਤੋਖ)* **ਥਾਪਿ** *(ਥਾਪ)* **ਰਖਿਆ,** *(ਰ ੈਖਆ)*
ਸੰਤੋਖ ਨੂੰ, ਸਬਰ ਨੂੰ ਥਾਪ ਕੇ, ਟਿਕਾ ਕੇ ਰਖਿਆ ਹੈ

ਜਿਨਿ *(ਜਿਨ)* **ਸੂਤਿ** *(ਸੂਤ)* ॥
ਜਿਸਨੇ ਇਕ ਸੂਤਰ ਵਿਚ, ਸੰਜਮ ਵਿਚ

...(ਈਸ਼ਵਰੀ ਵਿਧਾਨ ਨੇ) ਸੰਤੋਖ ਨੂੰ ਪੈਦਾ ਕਰਕੇ ਅਥਵਾ ਸਥਾਪਤ ਕਰਕੇ (ਉਸ ਰਾਹੀਂ) ਇਕ ਸੰਜਮ, ਇਕ ਮਰਿਯਾਦਾ ਵਿਚ ਸ੍ਰਿਸ਼ਟੀ ਨੂੰ ਟਿਕਾ ਕੇ ਭਾਵ ਬੰਨ੍ਹ ਕੇ ਰਖਿਆ ਹੋਇਆ ਹੈ।...

ਜੇ ਕੋ ਬੁਝੈ, *(ਬੁੱਝੈ)*
ਜੇਕਰ ਕੋਈ ਬੁੱਝ ਲਵੇ, ਜਾਣ ਲਵੇ

ਹੋਵੈ ਸਚਿਆਰੁ *(ਸ ਚੇਆਰ)* ॥
ਹੋ ਜਾਂਦੈ ਸੱਤ ਨੂੰ ਧਾਰਨ ਕਰਨ ਵਾਲਾ

...ਜੇਕਰ ਕੋਈ (ਇਸ ਈਸ਼ਵਰੀ ਨਿਯਮ ਨੂੰ) ਸਮਝ ਲਏ ਤਾਂ ਉਹ ਸਚਿਆਰ (ਜਿਸਦੇ ਹਿਰਦੇ ਵਿਚ ਸੱਚ ਦਾ ਪ੍ਰਕਾਸ਼ ਹੋ ਜਾਵੇ) ਹੋ ਜਾਂਦਾ ਹੈ।...

ਧਵਲੈ ਉਪਰਿ, *(ਉੱਪਰ)* **ਕੇਤਾ ਭਾਰੁ** *(ਭਾਰ)* ॥
ਪੌਰਾਣਿਕ ਬਲਦ ਉੱਤੇ ਕਿਤਨਾ ਵਜ਼ਨ

...(ਜ਼ਰਾ ਸੋਚੋ ਕਿ) ਪੌਰਾਣਿਕ ਬਲਦ (ਜਿਸਨੇ ਆਪਣੇ ਸਿੰਗਾਂ ਉੱਤੇ ਧਰਤੀ ਨੂੰ ਚੁੱਕਿਆ ਹੋਇਆ ਹੈ) ਉਪਰ ਕਿਤਨਾ ਵਜ਼ਨ ਹੈ। (ਉਹ ਇਤਨੇ ਭਾਰ ਨੂੰ ਕਿਵੇਂ ਚੁੱਕ ਸਕਦਾ ਹੈ)?...

ਧਰਤੀ, ਹੋਰੁ *(ਹੋਰ)* **ਪਰੈ,**
ਪ੍ਰਿਥਵੀ ਇਸ ਤੋਂ ਵੀ ਵੱਧ (ਉਸ ਤੋਂ) ਅਗਾਂਹ, (ਭਾਵ ਉਸ ਤੋਂ ਹੇਠਾਂ)

ਹੋਰੁ *(ਹੋਰ)* **ਹੋਰੁ** *(ਹੋਰ)* ॥
ਇਸ ਤੋਂ ਵੀ ਵੱਧ ਇਸ ਤੋਂ ਵੀ ਹੋਰ ਵੱਧ

...(ਉਸ ਪੌਰਾਣਿਕ ਬਲਦ ਨੂੰ ਆਸਰਾ ਦੇਣ ਲਈ) ਉਸ ਦੇ ਹੇਠਾਂ ਫਿਰ ਹੋਰ ਕਿਹੜੀ ਧਰਤੀ ਹੈ? ਅਤੇ ਫਿਰ ਉਸਦੇ ਹੇਠਾਂ ਹੋਰ ਕਿਹੜੀ ਜ਼ਮੀਨ ਹੈ?...

ਤਿਸ **ਤੇ** **ਭਾਰੁ,** *(ਭਾਰ)*
ਉਸ ਉਤੇ ਵਜ਼ਨ

ਤਲੈ **ਕਵਣੁ** *(ਕਵਣ)* **ਜੋਰੁ** *(ਜ਼ੋਰ)* ॥
ਥੱਲੇ, ਹੇਠਾਂ ਕਿਹੜਾ ਆਸਰਾ, ਸਹਾਰਾ

...(ਫਿਰ ਅਖੀਰ ਤੇ ਜਾਕੇ) ਇਸ ਸਾਰੇ ਵਜ਼ਨ ਦੇ ਹੇਠਾਂ ਕਿਹੜਾ ਆਸਰਾ ਹੈ, ਜਿਸ ਉੱਤੇ ਇਹ ਸਾਰਾ ਕੁਝ ਖੜਾ ਹੈ। (ਭਾਵ ਕੋਈ ਨਹੀਂ। ਇਹ ਨਿਰਾ ਭਰਮ ਹੈ)। ਸਾਰਾ ਬ੍ਰਹਿਮੰਡ ਪ੍ਰਭੂ ਦੇ ਈਸ਼ਵਰੀ-ਵਿਧਾਨ ਅਨੁਸਾਰ ਹੀ ਸਥਾਪਿਤ ਹੋਇਆ ਹੋਇਆ ਹੈ)।...

ਜੀਅ *(ਜੀ ਅ)* **ਜਾਤਿ,** *(ਜਾਤ)*
ਜੀਵ ਜਾਤਾਂ, ਨਸਲਾਂ

ਰੰਗਾ *(ਰੰਗਾਂ)* **ਕੇ** **ਨਾਵ** *(ਨਾਂਵ)* ॥
ਰੰਗਾਂ ਵਾਲੇ ਕਿਤਨੇ ਨਾਂ

...(ਕਰਤਾ-ਪੁਰਖ ਦੇ ਸਾਜੇ ਬ੍ਰਹਿਮੰਡ ਵਿਚ) ਕਿਤਨੀਆਂ ਹੀ ਨਸਲਾਂ, ਰੰਗਾਂ ਅਤੇ ਨਾਵਾਂ ਵਾਲੇ ਜੀਵ ਹਨ।...

ਸਭਨਾ *(ਸਭਨਾਂ)* **ਲਿਖਿਆ,** *(ਲਿ ਖੇਆ)*
ਸਾਰਿਆਂ ਅੰਕਿਤ ਕੀਤਾ

ਵੁੜੀ **ਕਲਾਮ** ॥
ਵਗਦੀ, ਚਲਦੀ ਕਲਮ, ਕਾਨੀ

...ਸਾਰਿਆਂ (ਦਾ ਲੇਖਾ-ਜੋਖਾ ਕਰਤਾ-ਪੁਰਖ ਜੀ ਦੀ ਨਿਰੰਤਰ) ਚਲਦੀ ਕਲਮ ਨੇ ਲਿਖਿਆ ਹੈ।...

ਏਹੁ *(ਏਹ)* **ਲੇਖਾ,**
ਇਹ ਲੇਖਾ ਜੋਖਾ, ਹਿਸਾਬ ਕਿਤਾਬ

ਲਿਖਿ *(ਲਿਖ)* **ਜਾਣੈ** *(ਜਾਣੈਂ)* **ਕੋਇ** *(ਕੋ ਏ)* ॥
ਲਿਖਣਾ ਜਾਣਦਾ ਕੋਈ

...(ਕੌਣ) ਕੋਈ (ਕਰਤਾ ਪੁਰਖ ਦੇ) ਇਸ ਲੇਖੇ ਜੋਖੇ ਨੂੰ ਲਿਖਣਾ ਜਾਣਦਾ ਹੈ? ਜਾਂ ਲਿਖ ਸਕਦਾ ਹੈ (ਭਾਵ ਕਿ ਕੋਈ ਨਹੀਂ)...

ਲੇਖਾ **ਲਿਖਿਆ,** *(ਲਿ ਖੇਆ)*
ਲੇਖਾ ਜੋਖਾ,ਹਿਸਾਬ ਕਿਤਾਬ ਲਿਖਣ ਨਾਲ, ਅੰਕਿਤ ਕਰਨ ਨਾਲ

ਕੇਤਾ **ਹੋਇ** *(ਹੋਏ)* ॥
ਕਿਤਨਾ,ਕਿੰਨਾ ਵੱਡਾ ਹੋਇਗਾ

...(ਜੇ ਕਿਤੇ ਸਚੀਂ ਮੁੱਚੀਂ ਕੋਈ ਇਹ) ਲੇਖਾ ਲਿਖ ਦੇਵੇ ਤਾਂ ਇਹ ਕਿਤਨਾ ਬੇਅੰਤ ਹੋਇਗਾ, (ਭਾਵ ਕਿਤਨਾ ਅਸਚਰਜ ਤੇ ਅਗਾਧ-ਬੋਧ ਹੋਏਗਾ)।...

ਕੇਤਾ ਤਾਣੁ, *(ਤਾਣ)* **ਸੁਆਲਿਹੁ** *(ਸੁਆ ਲੇਹੋ)* **ਰੂਪੁ** *(ਰੂਪ)* **॥**
ਕਿਤਨਾ ਜ਼ੋਰ, ਸ਼ਕਤੀ ਸੁੰਦਰ, ਸੋਹਣੀ, ਹੁਸੀਨ ਸ਼ਕਲ, ਸੂਰਤ

...ਉਸ (ਓਅੰਕਾਰ ਦਾ) ਕਿਤਨਾ (ਅਮਿੱਤ) ਬਲ ਹੈ, ਉਸਦੀ ਸੂਰਤ ਕਿਤਨੀ ਸੋਹਣੀ ਹੈ।...

ਕੇਤੀ ਦਾਤਿ, *(ਦਾਤ)*
ਕਿਤਨੀ ਦਾਤ, ਬਖਸ਼ਿਸ਼

ਜਾਣੈ *(ਜਾਣੈਂ)* **ਕੌਣੁ** *(ਕੌਣ)* **ਕੂਤੁ** *(ਕੂਤ)* **॥**
ਜਾਣ ਸਕਦਾ ਕੋਈ ਅਨੁਮਾਨ, ਅੰਦਾਜ਼ਾ

...(ਅਕਾਲ-ਪੁਰਖ ਦੀ) ਦਾਤ ਕਿਤਨੀ ਬੇਅੰਤ ਹੈ, ਇਸਦਾ ਅੰਦਾਜ਼ਾ ਕੌਣ ਜਾਣ ਸਕਦਾ ਹੈ। (ਭਾਵ ਕੋਈ ਨਹੀਂ)...

ਕੀਤਾ ਪਸਾਉ, *(ਪਸਾ ਓ)* **ਏਕੋ ਕਵਾਉ** *(ਕਵਾ ਓ)* **॥**
ਕਰ ਦਿਤਾ ਪਸਾਰਾ ਇਕੋ ਹੀ ਬਚਨ, ਕਥਨ

...(ਕਰਤਾ-ਪੁਰਖ ਜੀ ਨੇ) ਇਕ ਹੀ ਬਚਨ ਨਾਲ ਸਰਬ-ਬ੍ਰਹਿਮੰਡ ਦਾ ਪਸਾਰਾ (ਨਿਰਮਾਣ) ਕਰ ਦਿੱਤਾ।...

ਤਿਸ ਤੇ ਹੋਏ,
ਇਸ ਤੋਂ ਹੋ ਗਏ

ਲਖ *(ਲੱਖ)* **ਦਰੀਆਉ** *(ਦਰੀਆ ਓ)* **॥**
ਲਖਾਂ ਦਰਿਆ(ਭਾਵ ਜੀਵਨ ਦਾ ਪ੍ਰਵਾਹ ਵਗ ਪਿਆ)

...ਇਸ ਬਚਨ ਤੋਂ ਲੱਖਾਂ ਦਰਿਆ ਹੋ ਗਏ, (ਭਾਵ ਜ਼ਿੰਦਗੀ ਦਾ

ਵਹਿਣ, ਵਹਿ ਤੁਰਿਆ)।...

ਕੁਦਰਤਿ *(ਕੁਦਰਤ)* **ਕਵਣ** **ਕਹਾ** *(ਕਹਾਂ)* **ਵੀਚਾਰੁ** *(ਵੀਚਾਰ)* ॥
ਤਾਕਤ, ਸ਼ਕਤੀ ਕੀ ਆਖਾਂ ਵਿਚਾਰ, ਵਿਵੇਚਨ

...(ਮੇਰੀ) ਕੀ ਤਾਕਤ ਹੈ, ਕਿ ਮੈਂ ਵਿਚਾਰ ਦੁਆਰਾ (ਕਰਤਾ ਪੁਰਖ ਦੀ ਬੇਅੰਤ ਰਚਨਾ ਬਾਰੇ ਕੁਝ) ਆਖ ਸਕਾਂ।...

ਵਾਰਿਆ *(ਵਾ ਰੇਆ)* **ਨ** *(ਨਾਂ)* **ਜਾਵਾ,** *(ਜਾਵਾਂ)*
ਕੁਰਬਾਨ ਹੋਣਾ, ਸਦਕੇ ਜਾਣਾ ਨਹੀਂ ਹੋ ਜਾਵਾਂ

ਏਕ **ਵਾਰ** ॥
ਇਕ ਵਾਰੀ

...(ਹੇ ਕਰਤਾ-ਪੁਰਖ ਜੀਓ!) ਮੈਂ ਤੁਹਾਡੇ ਤੋਂ ਇਕ ਵਾਰੀ ਵੀ ਕੁਰਬਾਨ ਨਹੀਂ ਹੋ ਸਕਦਾ (ਕਿਉਂਕਿ ਮੇਰੀ ਇਤਨੀ ਸਮਰੱਥਾ ਹੀ ਕਿਥੇ ਹੈ)?...

ਜੋ **ਤੁਧੁ** *(ਤੁਧ)* **ਭਾਵੈ,** **ਸਾਈ** **ਭਲੀ** **ਕਾਰ** ॥
ਜਿਹੜਾ ਤੈਨੂੰ ਚੰਗਾ ਲਗਦੈ ਉਹੋ ਹੀ ਚੰਗੀ ਕੰਮ

...(ਹੇ ਕਰਤਾ-ਪੁਰਖ ਜੀਓ!) ਜਿਹੜੀ ਕਾਰ ਤੈਨੂੰ ਚੰਗੀ ਲਗੇ, ਉਹੋ ਹੀ ਭਲੀ ਹੈ।(ਭਾਵ ਤੇਰੀ ਰਜ਼ਾ ਵਿਚ ਰਹਿਣਾ ਭਲਾ ਹੈ)।...

ਤੂ *(ਤੂੰ)* **ਸਦਾ** **ਸਲਾਮਤਿ,** *(ਸਲਾਮਤ)* **ਨਿਰੰਕਾਰ** ॥੧੬॥
ਤੂੰ ਹਮੇਸ਼ਾਂ ਸਥਿਰ, ਅਟੱਲ ਨਿਰਾਕਾਰ ਪ੍ਰਭੂ

...ਹੇ ਨਿਰੰਕਾਰ ਪ੍ਰਭੂ ਜੀਓ! ਤੁਸੀਂ ਸਦਾ ਸਥਿਰ ਰਹਿਣ ਵਾਲੇ ਹੋ।

ਅਸੰਖ	**ਜਪ,**	**ਅਸੰਖ**	**ਭਾਉ** *(ਭਾ ਓ)* ॥
ਅਣਗਿਣਤ, ਅਨੰਤ	ਜਪਣ ਵਾਲੇ, ਜਪੀ	ਅਣਗਿਣਤ	ਪ੍ਰੇਮ ਕਰਨ ਵਾਲੇ

(ਸੰਸਾਰ ਵਿਚ) ਅਣਗਿਣਤ ਪ੍ਰਾਣੀ, ਭਗਤੀ ਸਿਮਰਨ ਕਰਨ ਵਾਲੇ ਹਨ, ਅਨੇਕਾਂ ਹੀ (ਪਰਮਾਤਮਾ ਨਾਲ) ਪਿਆਰ ਕਰਨ ਵਾਲੇ ਹਨ।...

ਅਸੰਖ	**ਪੂਜਾ,**	**ਅਸੰਖ**
ਅਣਗਿਣਤ, ਅਨੰਤ	ਪੁਜਾਰੀ, ਪੂਜਾ ਕਰਨ ਵਾਲੇ	ਅਣਗਿਣਤ, ਅਨੰਤ

ਤਪ	**ਤਾਉ** *(ਤਾ ਓ)* ॥
ਤਪੱਸਵੀ, ਤਪ ਕਰਨ ਵਾਲੇ	ਤਪਾਂ ਦਾ ਤਪਣਾ, ਤਪ ਸਾਧਣ ਦੀ ਕ੍ਰਿਆ

...ਅਣਗਿਣਤ ਹੀ ਪੂਜਾ ਕਰਨ ਵਾਲੇ (ਪੁਜਾਰੀ) ਹਨ, ਅਨੇਕਾਂ ਤਪੱਸਵੀ ਤਪ ਸਾਧ ਰਹੇ ਹਨ।...

ਅਸੰਖ	**ਗਰੰਥ,**
ਅਣਗਿਣਤ, ਅਨੰਤ	ਪਵਿੱਤਰ ਧਰਮ ਗਰੰਥ

ਮੁਖਿ *(ਮੁਖ)*	**ਵੇਦ**	**ਪਾਠ** ॥
ਮੁਖ ਦੁਆਰਾ	ਵੇਦ, ਸ਼ਾਸਤਰ	ਪੜ੍ਹਨਾ, ਪਠਨ ਕਰਨਾ, ਉਚਾਰਣ ਕਰਨਾ

...ਅਣਗਿਣਤ (ਹੀ ਪ੍ਰਾਣੀ) ਆਪਣੇ ਮੁਖ ਰਾਹੀਂ, ਧਾਰਮਿਕ ਗ੍ਰੰਥਾਂ ਅਤੇ ਵੇਦ ਸ਼ਾਸਤਰਾਂ ਦਾ ਪਾਠ ਕਰ ਰਹੇ ਹਨ।...

ਅਸੰਖ **ਜੋਗ,**
ਅਣਗਿਣਤ, ਅਨੰਤ ਜੋਗ ਅਭਿਆਸੀ, ਯੋਗ ਸਾਧਨਾ ਕਰਨ ਵਾਲੇ

ਮਨਿ *(ਮਨ)* **ਰਹਹਿ** *(ਰਹੈਂ ਹ)* **ਉਦਾਸ ॥**
ਮਨ ਵਿਚ ਰਹਿੰਦੇ ਹਨ ਉਪਰਾਮ, ਵੈਰਾਗ ਵਿਚ

...ਅਣਗਿਣਤ ਹੀ ਜੋਗ ਅਭਿਆਸੀ (ਯੋਗ ਸਾਧਨਾ ਕਰਦੇ ਹੋਏ) ਆਪਣੇ ਮਨ ਵਿਚ (ਸੰਸਾਰ ਤੋਂ) ਉਦਾਸ ਰਹਿੰਦੇ ਹਨ।...

ਅਸੰਖ **ਭਗਤ,**
ਅਣਗਿਣਤ, ਅਨੰਤ ਭਗਤੀ ਕਰਨ ਵਾਲੇ

ਗੁਣ **ਗਿਆਨ** *(ਗੇਆਨ)* **ਵੀਚਾਰ ॥**
ਚੰਗਿਆਈਆਂ ਰੱਬੀ ਬੋਧ ਵਿਵੇਚਨ, ਚਿੰਤਨ

...ਅਣਗਿਣਤ ਹੀ ਭਗਤ ਜਨ (ਪਰਮਾਤਮਾ) ਦੀਆਂ ਚੰਗਿਆਈਆਂ ਦੀ ਗਿਆਨ-ਚਰਚਾ ਕਰਦੇ ਹਨ।...

ਅਸੰਖ **ਸਤੀ,**
ਅਣਗਿਣਤ, ਅਨੰਤ ਸਤਿ-ਅਭਿਆਸੀ

ਅਸੰਖ **ਦਾਤਾਰ ॥**
ਅਣਗਿਣਤ, ਅਨੰਤ ਦਾਨੀ ਪੁਰਸ਼

...ਅਣਗਿਣਤ ਹੀ ਸਤਿ-ਅਭਿਆਸੀ (ਭਾਵ ਸਚਿਆਰ) ਹਨ, ਅਤੇ ਅਨੰਤ ਹੀ ਦਾਨੀ ਪੁਰਸ਼ ਹਨ।...

ਅਸੰਖ **ਸੂਰ,**
ਅਣਗਿਣਤ, ਅਨੰਤ ਸੂਰਬੀਰ, ਯੋਧੇ

ਮੁਹ *(ਮੂੰਹ)* **ਭਖ** *(ਭੱਖ)* **ਸਾਰ** ॥
ਮੂੰਹ ਲੋਹਾ ਖਾਣ ਵਾਲੇ, ਭਾਵ ਸ਼ਸਤ੍ਰਾਂ ਦਾ ਵਾਰ ਸਹਿਣ ਵਾਲੇ

...ਅਣਗਿਣਤ ਸੂਰਬੀਰ ਯੋਧੇ (ਵੈਰੀਆਂ ਨਾਲ ਯੁੱਧ ਕਰਦੇ ਹੋਏ) ਮੂੰਹ ਉੱਤੇ ਸ਼ਸਤਰਾਂ ਦੇ ਵਾਰ ਸਹਿੰਦੇ ਹਨ।...

ਅਸੰਖ **ਮੋਨਿ,** *(ਮੋਨ)*
ਅਣਗਿਣਤ, ਅਨੰਤ ਮੋਨੀ, ਚੁੱਪ-ਸਾਧਨਾ ਕਰਨ ਵਾਲੇ

ਲਿਵ **ਲਾਇ** *(ਲਾ ਏਂ)* **ਤਾਰ** ॥
ਧਿਆਨ, ਬਿਰਤੀ ਲਾਉਂਦੇ ਹਨ ਇਕ ਰਸ, ਲਗਾਤਾਰ

...ਅਣਗਿਣਤ ਹੀ (ਸਾਧਕ) ਚੁੱਪ-ਸਾਧਨਾ ਰਾਹੀਂ, ਇਕ-ਰੱਸ (ਪਰਮਾਤਮਾ) ਨਾਲ ਬਿਰਤੀ ਲਾਈ ਰਖਦੇ ਹਨ।...

ਕੁਦਰਤਿ *(ਕੁਦਰਤ)* **ਕਵਣ** **ਕਹਾ** *(ਕਹਾਂ)* **ਵੀਚਾਰੁ** *(ਵੀਚਾਰ)* ॥
ਤਾਕਤ, ਸ਼ਕਤੀ ਕੀ ਆਖਾਂ ਵਿਚਾਰ, ਵਿਵੇਚਨ

...(ਮੇਰੀ) ਕੀ ਤਾਕਤ ਹੈ, ਕਿ ਮੈਂ ਵਿਚਾਰ ਦੁਆਰਾ (ਕਰਤਾ ਪੁਰਖ ਦੀ ਬੇਅੰਤ ਰਚਨਾ ਬਾਰੇ ਕੁਝ) ਆਖ ਸਕਾਂ।...

ਵਾਰਿਆ *(ਵਾ ਰੈਆ)* **ਨ** *(ਨਾਂ)* **ਜਾਵਾ,** *(ਜਾਵਾਂ)*
ਕੁਰਬਾਨ ਹੋਣਾ, ਸਦਕੇ ਜਾਣਾ ਨਹੀਂ ਹੋ ਜਾਵਾਂ

ਏਕ ਵਾਰ ॥
ਇਕ ਵਾਰੀ

...(ਹੇ ਕਰਤਾ-ਪੁਰਖ ਜੀਓ!) ਮੈਂ ਤੁਹਾਡੇ ਤੋਂ ਇਕ ਵਾਰੀ ਵੀ ਕੁਰਬਾਨ ਨਹੀਂ ਹੋ ਸਕਦਾ (ਕਿਉਂਕਿ ਮੇਰੀ ਇਤਨੀ ਸਮਰੱਥਾ ਹੀ ਕਿਥੇ ਹੈ)?...

ਜੋ ਤੁਧੁ *(ਤੁਧ)* **ਭਾਵੈ, ਸਾਈ ਭਲੀ ਕਾਰ ॥**
ਜਿਹੜਾ ਤੈਨੂੰ ਚੰਗਾ ਲਗਦੈ ਉਹੋ ਹੀ ਚੰਗੀ ਕੰਮ

...(ਹੇ ਕਰਤਾ-ਪੁਰਖ ਜੀਓ!) ਜਿਹੜੀ ਕਾਰ ਤੈਨੂੰ ਚੰਗੀ ਲਗੇ, ਉਹੋ ਹੀ ਭਲੀ ਹੈ। (ਭਾਵ ਤੇਰੀ ਰਜ਼ਾ ਵਿਚ ਰਹਿਣਾ ਭਲਾ ਹੈ)।...

ਤੂ *(ਤੂੰ)* **ਸਦਾ ਸਲਾਮਤਿ,** *(ਸਲਾਮਤ)* **ਨਿਰੰਕਾਰ ॥੧੭॥**
ਤੂੰ ਹਮੇਸ਼ਾਂ ਸਥਿਰ, ਅਟੱਲ ਨਿਰਾਕਾਰ ਪ੍ਰਭੂ

...ਹੇ ਨਿਰੰਕਾਰ ਪ੍ਰਭੂ ਜੀਓ! ਤੁਸੀਂ ਸਦਾ ਸਥਿਰ ਰਹਿਣ ਵਾਲੇ ਹੋ।

ਅਸੰਖ ਮੂਰਖ, ਅੰਧ ਘੋਰ ॥
ਅਣਗਿਣਤ, ਅਨੰਤ ਬੁੱਧੀ ਹੀਣ, ਮੂੜ੍ਹ ਅੰਨ੍ਹੇ ਮਹਾਂ, ਬਹੁਤ ਜ਼ਿਆਦਾ

(ਸੰਸਾਰ ਵਿਚ) ਅਣਗਿਣਤ ਹੀ ਵਿਅਕਤੀ, ਮਹਾਂ-ਮੂਰਖ ਅਤੇ ਮਹਾਂ-ਅਗਿਆਨੀ ਹਨ।...

ਅਸੰਖ ਚੋਰ, ਹਰਾਮਖੋਰ ॥
ਅਣਗਿਣਤ, ਅਨੰਤ ਚੋਰੀਆਂ ਕਰਨ ਵਾਲੇ, ਤਸਕਰ ਦੂਜਿਆਂ ਦਾ ਹੱਕ ਖੋਹ ਕੇ ਖਾਣ ਵਾਲੇ

ਅਣਗਿਣਤ ਹੀ (ਇਸ ਸੰਸਾਰ ਵਿਚ) ਚੋਰੀਆਂ ਕਰਨ ਵਾਲੇ ਅਤੇ ਦੂਸਰਿਆਂ ਦਾ ਹੱਕ ਖੋਹ ਕੇ ਖਾਣ ਵਾਲੇ ਹਨ।...

ਅਸੰਖ **ਅਮਰ,**
ਅਣਗਿਣਤ, ਅਨੰਤ ਹੁਕਮ, ਭਾਵ ਹਕੂਮਤ

ਕਰਿ *(ਕਰ)* **ਜਾਹਿ** *(ਜਾ ਹੈਂ)* **ਜੋਰ** *(ਜ਼ੋਰ)*
ਕਰਕੇ ਚਲੇ ਜਾਂਦੇ ਹਨ ਜ਼ੋਰ ਨਾਲ

...ਅਣਗਿਣਤ ਹੀ (ਇਸ ਸੰਸਾਰ ਵਿਚ) ਜ਼ੋਰ-ਜਬਰ ਨਾਲ ਆਪਣਾ ਹੁਕਮ ਚਲਾ ਕੇ ਚਲੇ ਜਾਂਦੇ ਹਨ।...

ਅਸੰਖ **ਗਲਵਢ,** *(ਗਲਵੱਢ)*
ਅਣਗਿਣਤ, ਅਨੰਤ ਕਾਤਲ, ਦੂਸਰਿਆਂ ਦਾ ਗਲਾ ਵੱਢਣ ਵਾਲੇ

ਹਤਿਆ *(ਹ ਤੈਆ)* **ਕਮਾਹਿ** *(ਕਮਾ ਹੈਂ)* ॥
ਮਾਰਨਾ, ਕਤਲ ਕਮਾਉਂਦੇ ਹਨ

...ਅਨੇਕਾਂ ਹੀ, ਕਾਤਿਲ-ਮਨੁੱਖ ਦੂਸਰਿਆਂ ਦੇ ਗਲੇ ਵੱਢ ਕੇ ਹੱਤਿਆ ਕਮਾ ਰਹੇ ਹਨ।...

ਅਸੰਖ **ਪਾਪੀ,**
ਅਣਗਿਣਤ, ਅਨੰਤ ਪਾਪ ਕਰਨ ਵਾਲੇ

ਪਾਪੁ *(ਪਾਪ)* **ਕਰਿ** *(ਕਰ)* **ਜਾਹਿ** *(ਜਾ ਹੈਂ)* ॥
ਕੁਕਰਮ, ਗੁਨਾਹ ਕਰਕੇ ਚਲੇ ਜਾਂਦੇ ਹਨ।

...ਅਣਗਿਣਤ ਪਾਪੀ, ਕੁਕਰਮ ਕਰਕੇ (ਇਸ ਸੰਸਾਰ ਤੋਂ) ਚਲੇ

ਜਾਂਦੇ ਹਨ।...

ਅਸੰਖ **ਕੂੜਿਆਰ,** *(ਕੂ ੜੈਆਰ)*
ਅਣਗਿਣਤ, ਅਨੰਤ ਝੂਠੇ, ਝੂਠ ਬੋਲਣ ਵਾਲੇ

ਕੂੜੇ **ਫਿਰਾਹਿ** *(ਫਿਰਾ ਹੈਂ)* ॥
ਕੂੜ ਵਿਚ ਫਿਰਦੇ ਰਹਿੰਦੇ ਹਨ

...ਅਣਗਿਣਤ ਹੀ ਝੂਠ ਬੋਲਣ ਵਾਲੇ ਲੋਕ, ਕੂੜ ਵਿਚ ਹੀ ਫਿਰਦੇ ਰਹਿੰਦੇ ਹਨ।...

ਅਸੰਖ **ਮਲੇਛ,**
ਅਣਗਿਣਤ, ਅਨੰਤ ਮੰਦ-ਇਛਾਵਾਂ ਵਾਲੇ, ਵਿਭਚਾਰੀ, ਕੁਕਰਮੀ

ਮਲੁ *(ਮਲ)* **ਭਖਿ** *(ਭੱਖ)* **ਖਾਹਿ** *(ਖਾ ਹੈਂ)* ॥
ਮਲੀਨ, ਨਖਿੱਧ ਆਹਾਰ, ਭੋਜਨ ਖਾਂਦੇ ਹਨ

...ਅਣਗਿਣਤ ਹੀ ਕੁਕਰਮੀ-ਪੁਰਸ਼, ਮਲੀਨ ਭੋਜਨ ਖਾਂਦੇ ਹਨ।...

ਅਸੰਖ **ਨਿੰਦਕ,**
ਅਣਗਿਣਤ, ਅਨੰਤ ਨਿੰਦਾ ਕਰਨ ਵਾਲੇ, ਦੂਸਰਿਆਂ ਦੀ ਬੁਰਾਈ ਕਰਨ ਵਾਲੇ

ਸਿਰਿ *(ਸਿਰ)* **ਕਰਹਿ** *(ਕਰੈਂ ਹ)* **ਭਾਰੁ** *(ਭਾਰ)* ॥
ਸਿਰ ਉੱਤੇ ਕਰ ਰਹੇ ਹਨ, ਭਾਵ ਚੁੱਕ ਰਹੇ ਹਨ ਬੋਝ

...ਅਣਗਿਣਤ ਨਿੰਦਕ ਲੋਗ (ਦੂਸਰਿਆਂ ਦੀਆਂ ਬੁਰਿਆਈਆਂ ਕਰਕੇ ਆਪਣੇ) ਸਿਰ ਉੱਤੇ ਨਿੰਦਾ ਦਾ ਭਾਰ ਚੁੱਕੀ ਫਿਰਦੇ ਹਨ।...

ਨਾਨਕੁ *(ਨਾਨਕ)* **ਨੀਚੁ** *(ਨੀਚ)* **ਕਹੈ** **ਵੀਚਾਰੁ** *(ਵੀਚਾਰ)* ॥
ਨਾਨਕ ਸਤਿਗੁਰੂ ਨੀਵਾਂ, ਨਿਮਾਣਾ ਕਹਿੰਦਾ ਵਿਚਾਰ, ਵਿਵੇਚਨ

...ਨਿਮਾਣਾ ਨਾਨਕ, ਇਹ ਵਿਚਾਰ ਕਹਿੰਦਾ ਹੈ ਕਿ...

ਵਾਰਿਆ *(ਵਾ ਰੈਆ)* **ਨ** *(ਨਾਂ)* **ਜਾਵਾ,** *(ਜਾਵਾਂ)*
ਕੁਰਬਾਨ ਹੋਣਾ, ਸਦਕੇ ਜਾਣਾ ਨਹੀਂ ਹੋ ਜਾਵਾਂ

ਏਕ **ਵਾਰ** ॥
ਇਕ ਵਾਰੀ

...(ਹੇ ਕਰਤਾ-ਪੁਰਖ ਜੀਓ!) ਮੈਂ ਤੁਹਾਡੇ ਤੋਂ ਇਕ ਵਾਰੀ ਵੀ ਕੁਰਬਾਨ ਨਹੀਂ ਹੋ ਸਕਦਾ (ਕਿਉਂਕਿ ਮੇਰੀ ਇਤਨੀ ਸਮਰੱਥਾ ਹੀ ਕਿਥੇ ਹੈ)?...

ਜੋ **ਤੁਧੁ** *(ਤੁਧ)* **ਭਾਵੈ,** **ਸਾਈ** **ਭਲੀ** **ਕਾਰ** ॥
ਜਿਹੜਾ ਤੈਨੂੰ ਚੰਗਾ ਲਗਦੈ ਉਹੋ ਹੀ ਚੰਗੀ ਕੰਮ

...(ਹੇ ਕਰਤਾ-ਪੁਰਖ ਜੀਓ!) ਜਿਹੜੀ ਕਾਰ ਤੈਨੂੰ ਚੰਗੀ ਲਗੇ, ਉਹੋ ਹੀ ਭਲੀ ਹੈ। (ਭਾਵ ਤੇਰੀ ਰਜ਼ਾ ਵਿਚ ਰਹਿਣਾ ਭਲਾ ਹੈ)।...

ਤੂ *(ਤੂੰ)* **ਸਦਾ** **ਸਲਾਮਤਿ,** *(ਸਲਾਮਤ)* **ਨਿਰੰਕਾਰ** ॥੧੮॥
ਤੂੰ ਹਮੇਸ਼ਾਂ ਸਥਿਰ, ਅਟੱਲ ਨਿਰਾਕਾਰ ਪ੍ਰਭੂ

...ਹੇ ਨਿਰੰਕਾਰ ਪ੍ਰਭੂ ਜੀਓ! ਤੁਸੀਂ ਸਦਾ ਸਥਿਰ ਰਹਿਣ ਵਾਲੇ ਹੋ।

ਅਸੰਖ	**ਨਾਵ,** *(ਨਾਂਵ)*
ਅਣਗਿਣਤ, ਅਨੰਤ	ਨਾਮ, (ਬ੍ਰਹਿਮੰਡ ਵਿਚ ਪਰਮਾਤਮਾ ਦੀਆਂ ਪੈਦਾ ਕੀਤੀਆਂ ਵਸਤੂਆਂ ਦੇ ਨਾਉਂ)

ਅਸੰਖ	**ਥਾਵ** *(ਥਾਂਵ)* ॥
ਅਣਗਿਣਤ, ਅਨੰਤ	ਥਾਵਾਂ, ਟਿਕਾਣੇ(ਧਰਤੀਆਂ, ਪਾਤਾਲ, ਆਕਾਸ਼, ਖੰਡ, ਮੰਡਲ, ਪਰਬਤ, ਜਲ ਥਲ ਆਦਿ)

...(ਅਕਾਲ ਪੁਰਖ ਦੁਆਰਾ, ਬ੍ਰਹਿਮੰਡ ਵਿਚ ਪੈਦਾ ਕੀਤੀਆਂ ਵਸਤੂਆਂ ਦੇ) ਅਨੰਤ ਨਾਮ ਹਨ ਅਤੇ ਅਨੰਤ ਹੀ ਟਿਕਾਣੇ ਹਨ।...

ਅਗੰਮ ਅਗੰਮ,	**ਅਸੰਖ**	**ਲੋਅ** *(ਲੋ ਅ)* ॥
*ਗੰਮਤਾ ਤੋਂ ਪਰ੍ਹੇ, ਜਿਥੇ ਕਿਸੇ ਦੀ ਪਹੁੰਚ ਨਾ ਹੋ ਸਕੇ, ਅਪਹੁੰਚ	ਅਣਗਿਣਤ, ਅਨੰਤ	ਭਵਣ, ਭੂ-ਮੰਡਲ

...(ਪ੍ਰਭੂ ਦੇ ਸਿਰਜੇ ਹੋਏ) ਅਣਗਿਣਤ ਭੂ-ਮੰਡਲ ਹਨ ਜੋ (ਮਨੁੱਖੀ) ਪਹੁੰਚ ਤੋਂ ਪਰ੍ਹੇ ਹਨ। (ਭਾਵ ਜਿਨ੍ਹਾਂ ਦਾ ਭੇਦ ਮਨੁੱਖ ਨਹੀਂ ਪਾ ਸਕਦਾ।...

ਅਸੰਖ	**ਕਹਹਿ,** *(ਕਹੈਂ ਹ)*
ਅਣਗਿਣਤ, ਅਨੰਤ	ਕਹਿੰਦੇ ਹਨ

ਸਿਰਿ, *(ਸਿਰ)*	**ਭਾਰੁ** *(ਭਾਰ)*	**ਹੋਇ** *(ਹੋਏ)* ॥
ਸਿਰ ਉੱਤੇ	ਬੋਝ	ਹੁੰਦਾ ਹੈ, (ਚੜ੍ਹਦਾ ਹੈ)

...ਅਣਗਿਣਤ ਲੋਕ (ਬ੍ਰਹਿਮੰਡ ਦਾ ਲੇਖਾ-ਜੋਖ਼ਾ ਕਰਕੇ ਦੂਸਰਿਆਂ ਨੂੰ) ਦਸਦੇ ਹਨ (ਪਰ ਕਿਉਂਕਿ ਉਨ੍ਹਾਂ ਕੋਲੋਂ ਗਿਣਤੀ-ਮਿਣਤੀ ਹੋ

ਨਹੀਂ ਸਕਦੀ, ਇਸ ਕਰਕੇ ਉਨ੍ਹਾਂ ਦੇ) ਸਿਰ ਤੇ ਬੋਝ ਚੜ੍ਹਦਾ ਹੈ।

ਅਖਰੀ, *(ਅੱਖਰੀਂ)* **ਨਾਮੁ,** *(ਨਾਮ)*
ਅੱਖਰਾਂ ਦੁਆਰਾ, ਸ਼ਬਦਾਂ ਦੁਆਰਾ ਨਾਮ(ਲੈਂਦਾ)

ਅਖਰੀ *(ਅੱਖਰੀਂ)* **ਸਾਲਾਹ ॥**
ਅੱਖਰਾਂ ਦੁਆਰਾ ਸਿਫ਼ਤ, ਸ਼ਲਾਘਾ

...ਅੱਖਰਾਂ ਦੁਆਰਾ ਹੀ (ਪ੍ਰਾਣੀ ਪ੍ਰਭੂ ਦਾ) ਨਾਮ ਲੈਂਦਾ, (ਭਾਵ ਯਾਦ ਕਰਦਾ ਹੈ, ਸਿਮਰਨ ਕਰਦਾ ਹੈ) ਅਤੇ ਅੱਖਰਾਂ ਦੁਆਰਾ ਹੀ (ਪ੍ਰਭੂ ਦੀ) ਸਿਫ਼ਤ-ਸਲਾਹ ਕਰਦਾ ਹੈ।...

ਅਖਰੀ, *(ਅੱਖਰੀਂ)* **ਗਿਆਨੁ,** *(ਗੈਆਨ)*
ਅੱਖਰਾਂ ਦੁਆਰਾ ਜਾਣਕਾਰੀ, ਇਲਮ

ਗੀਤ ਗੁਣ ਗਾਹ ॥
ਗਉਣ ਚੰਗਿਆਈਆਂ ਗਹੁਣਾ, ਖੋਜ ਕਰਨੀ, ਮੰਥਨ ਕਰਨਾ

...ਅੱਖਰਾਂ ਰਾਹੀਂ ਹੀ (ਅਕਾਲ ਪੁਰਖ ਦਾ) ਗਿਆਨ ਹੁੰਦਾ ਹੈ, ਅੱਖਰਾਂ ਰਾਹੀਂ ਹੀ ਉਸਦੀ ਕੀਰਤੀ ਦੇ ਗੀਤ ਗਾਈਦੇ ਹਨ, ਅਤੇ ਅੱਖਰਾਂ ਰਾਹੀਂ ਹੀ (ਪਰਮਾਤਮਾ) ਦੀਆਂ ਚੰਗਿਆਈਆਂ ਸੰਬੰਧੀ ਖੋਜ-ਵਿਚਾਰ ਕਰੀਦੀ ਹੈ।...

ਅਖਰੀ, *(ਅੱਖਰੀਂ)* **ਲਿਖਣੁ** *(ਲਿਖਣ)*
ਅੱਖਰਾਂ ਦੁਆਰਾ ਲਿਖਣਾ

ਬੋਲਣੁ *(ਬੋਲਣ)* **ਬਾਣਿ** *(ਬਾਣ)* **॥**
ਬੋਲਣਾ ਬਾਣੀ,(ਭਾਵ ਆਪਣੇ ਵਿਚਾਰ)

...ਅੱਖਰਾਂ ਦੁਆਰਾ ਹੀ ਜੀਵ ਆਪਣੇ ਵਿਚਾਰਾਂ ਨੂੰ ਲਿਖ ਅਤੇ ਬੋਲ ਸਕਦਾ ਹੈ।...

ਅਖਰਾ, *(ਅੱਖਰਾਂ)* **ਸਿਰਿ,** *(ਸਿਰ)*
ਅੱਖਰਾਂ ਦੇ ਸਿਰ ਉੱਤੇ, ਮਸਤਕ ਤੇ

ਸੰਜੋਗੁ*(ਸੰਜੋਗ)* **ਵਖਾਣਿ***(ਵਖਾਣ)* ॥
ਭਾਗਾਂ ਦੇ ਲੇਖ ਵਖਾਣੇ ਜਾਂਦੇ ਹਨ, ਦੱਸੇ ਜਾਂਦੇ ਹਨ

...ਅੱਖਰਾਂ ਦੁਆਰਾ ਹੀ ਜੀਵ ਦੇ ਕਿਸਮਤ ਸੰਬੰਧੀ, ਮਸਤਕ ਤੇ ਲਿਖੇ ਲੇਖਾਂ ਨੂੰ ਵਖਾਣਿਆ ਜਾਂਦਾ ਹੈ ਭਾਵ ਉਨ੍ਹਾਂ ਦੇ ਕਰਮਾਂ ਦਾ ਲੇਖਾ ਜੋਖਾ ਕੀਤਾ ਜਾਂਦਾ ਹੈ।...

ਜਿਨਿ*(ਜਿਨ)* **ਏਹਿ***(ਏਹ)* **ਲਿਖੇ,**
ਜਿਸਨੇ ਇਹ ਅੰਕਿਤ ਕੀਤੇ

ਤਿਸੁ*(ਤਿਸ)* **ਸਿਰਿ***(ਸਿਰ)* **ਨਾਹਿ***(ਨਾ ਹੈਂ)* ॥
ਤਿਸ ਦੇ ਸਿਰ ਉੱਤੇ ਨਹੀਂ

...(ਪ੍ਰੰਤੂ ਉਹ ਅਕਾਲ ਪੁਰਖ) ਜਿਸ ਨੇ (ਸਾਰੇ ਬ੍ਰਹਿਮੰਡ ਦੇ) ਇਹ (ਲੇਖ) ਲਿਖੇ ਹਨ, ਉਸਦੇ ਸਿਰ ਉੱਤੇ ਇਨ੍ਹਾਂ ਦਾ ਕੋਈ ਲੇਖਾ ਜੋਖਾ ਨਹੀਂ (ਭਾਵ ਉਹ ਕਿਸੇ ਵੀ ਹਿਸਾਬ-ਕਿਤਾਬ ਤੋਂ ਨਿਰਲੇਪ ਹੈ)।...

ਜਿਵ ਫੁਰਮਾਏ,
ਜਿਵੇਂ ਫੁਰਮਾਉਂਦਾ ਹੈ, ਹੁਕਮ ਕਰਦਾ ਹੈ

ਤਿਵ ਤਿਵ ਪਾਹਿ*(ਪਾ ਹੈਂ)* ॥
ਤਿਵੇਂ ਤਿਵੇਂ ਪਾਉਂਦੇ ਹਨ, ਭੁਗਤਦੇ ਹਨ

...ਜਿਵੇਂ ਜਿਵੇਂ (ਅਕਾਲ ਪੁਰਖ) ਹੁਕਮ ਕਰਦਾ ਹੈ, ਤਿਵੇਂ ਤਿਵੇਂ ਹੀ ਜੀਵ ਸੰਜੋਗਾਂ ਦਾ ਲੇਖਾ ਜੋਖਾ) ਭੁਗਤਦੇ ਹਨ।

ਜੇਤਾ **ਕੀਤਾ,**
ਜਿਤਨਾ ਸਿਰਜਿਆ ਹੈ

ਤੇਤਾ **ਨਾਉ** *(ਨਾਓਂ)* ॥
ਤਿਤਨਾ ਹੀ(ਭਾਵ ਉਹ ਸਾਰਾ) ਨਾਮ, ਪਰਮਾਤਮ ਸਰੂਪ

...ਜਿਤਨੀ ਵੀ ਸਿਰਜਣਾ, ਵਾਹਿਗੁਰੂ ਨੇ ਸਿਰਜੀ ਹੈ, ਉਹ ਸਾਰੀ ਪਰਮਾਤਮ-ਸਰੂਪ ਹੈ।(ਭਾਵ ਉਸੇ ਦੇ ਆਪੇ ਦਾ ਹੀ ਪ੍ਰਗਟਾਵਾ ਹੈ)।...

ਵਿਣੁ *(ਵਿਣ)* **ਨਾਵੈ,** *(ਨਾਵੈਂ)*
ਬਿਨਾਂ ਸਰੂਪ, ਹੋਂਦ

ਨਾਹੀ *(ਨਾਹੀਂ)* **ਕੋ** **ਥਾਉ** *(ਥਾਓਂ)* ॥
ਨਹੀਂ ਕੋਈ ਥਾਂ, ਸਥਾਨ

...(ਅਕਾਲ ਪੁਰਖ ਦੇ) ਨਾਮ ਤੋਂ ਬਿਨਾਂ (ਬ੍ਰਹਿਮੰਡ ਵਿਚ) ਕੋਈ ਥਾਂ ਨਹੀਂ ਹੈ।...

ਕੁਦਰਤਿ *(ਕੁਦਰਤ)* **ਕਵਣ** **ਕਹਾ** *(ਕਹਾਂ)* **ਵੀਚਾਰੁ** *(ਵੀਚਾਰ)* ॥
ਤਾਕਤ, ਸ਼ਕਤੀ ਕੀ ਆਖਾਂ ਵਿਚਾਰ, ਵਿਵੇਚਨ

...(ਮੇਰੀ) ਕੀ ਤਾਕਤ ਹੈ, ਕਿ ਮੈਂ ਵਿਚਾਰ ਦੁਆਰਾ (ਕਰਤਾ ਪੁਰਖ ਦੀ ਬੇਅੰਤ ਰਚਨਾ ਬਾਰੇ ਕੁਝ) ਆਖ ਸਕਾਂ।...

ਵਾਰਿਆ *(ਵਾ ਰੈਆ)* **ਨ** *(ਨਾਂ)* **ਜਾਵਾ,** *(ਜਾਵਾਂ)*
ਕੁਰਬਾਨ ਹੋਣਾ, ਸਦਕੇ ਜਾਣਾ ਨਹੀਂ ਹੋ ਜਾਵਾਂ

ਏਕ ਵਾਰ ॥
ਇਕ ਵਾਰੀ

...(ਹੇ ਕਰਤਾ-ਪੁਰਖ ਜੀਓ!) ਮੈਂ ਤੁਹਾਡੇ ਤੋਂ ਇਕ ਵਾਰੀ ਵੀ ਕੁਰਬਾਨ ਨਹੀਂ ਹੋ ਸਕਦਾ (ਕਿਉਂਕਿ ਮੇਰੀ ਇਤਨੀ ਸਮਰੱਥਾ ਹੀ ਕਿਥੇ ਹੈ)?...

ਜੋ **ਤੁਧੁ** *(ਤੁਧ)* **ਭਾਵੈ,** **ਸਾਈ** **ਭਲੀ** **ਕਾਰ ॥**
ਜਿਹੜਾ ਤੈਨੂੰ ਚੰਗਾ ਲਗਦੈ ਉਹੋ ਹੀ ਚੰਗੀ ਕੰਮ

...(ਹੇ ਕਰਤਾ-ਪੁਰਖ ਜੀਓ!) ਜਿਹੜੀ ਕਾਰ ਤੈਨੂੰ ਚੰਗੀ ਲਗੇ, ਉਹੋ ਹੀ ਭਲੀ ਹੈ। (ਭਾਵ ਤੇਰੀ ਰਜ਼ਾ ਵਿਚ ਰਹਿਣਾ ਭਲਾ ਹੈ)।...

ਤੂ *(ਤੂੰ)* **ਸਦਾ** **ਸਲਾਮਤਿ,** *(ਸਲਾਮਤ)* **ਨਿਰੰਕਾਰ ॥੧੯॥**
ਤੂੰ ਹਮੇਸ਼ਾਂ ਸਥਿਰ, ਅਟੱਲ ਨਿਰਾਕਾਰ ਪ੍ਰਭੂ

...ਹੇ ਨਿਰੰਕਾਰ ਪ੍ਰਭੂ ਜੀਓ! ਤੁਸੀਂ ਸਦਾ ਸਥਿਰ ਰਹਿਣ ਵਾਲੇ ਹੋ।

ਭਰੀਐ, **ਹਥੁ** *(ਹੱਥ)* **ਪੈਰੁ** *(ਪੈਰ)*
ਭਰ ਜਾਏ, ਲਿੱਬੜ ਜਾਏ ਕਰ, ਹਸਤ ਪੈਰ

ਤਨੁ *(ਤਨ)* **ਦੇਹ ॥**
ਸਰੀਰ ਪਿੰਡਾ

(ਜੇਕਰ) ਹੱਥ, ਪੈਰ ਅਤੇ ਪਿੰਡਾ (ਗੰਦ-ਮੰਦ ਨਾਲ) ਲਿਬੜ ਜਾਏ...

ਪਾਣੀ*(ਪਾਣੀਂ)* **ਧੋਤੈ,** **ਉਤਰਸੁ***(ਉਤਰਸ)* **ਖੇਹ ॥**
ਜਲ ਧੋਣ ਨਾਲ ਉੱਤਰ ਜਾਂਦੀ ਹੈ ਧੂੜ, ਗੰਦਗੀ

...(ਤਾਂ) ਪਾਣੀ ਦੁਆਰਾ ਧੋਣ ਨਾਲ ਗੰਦਗੀ ਉਤਰ ਜਾਂਦੀ ਹੈ।...

ਮੂਤ **ਪਲੀਤੀ** **ਕਪੜੁ***(ਕੱਪੜ)* **ਹੋਇ***(ਹੋਏ)* **॥**
ਪਿਸ਼ਾਬ ਪਲੀਤ, ਗੰਦਾ ਕਪੜਾ, ਲਿਬਾਸ, ਜਾਮਾ ਹੋ ਜਾਏ

...(ਜੇਕਰ) ਕਪੜਾ ਮਲ ਮੂਤਰ ਨਾਲ ਗੰਦਾ ਹੋ ਜਾਏ...

ਦੇ **ਸਾਬੂਣੁ,***(ਸਾਬੂਣ)*
ਵਰਤ ਕੇ ਸਾਬਣ

ਲਈਐ **ਓਹੁ***(ਓਹ)* **ਧੋਇ***(ਧੋਏ)* **॥**
ਲਈਦਾ ਉਸਨੂੰ ਧੋਈਦਾ

...(ਤਾਂ) ਸਾਬਣ ਲਾਕੇ ਉਸਨੂੰ ਧੋ ਲਈਦਾ ਹੈ।...

ਭਰੀਐ **ਮਤਿ***(ਮੱਤ)* **ਪਾਪਾ***(ਪਾਪਾਂ)* **ਕੈ** **ਸੰਗਿ***(ਸੰਗ)* **॥**
ਭਰ ਜਾਏ ਬੁੱਧੀ ਕੁਕਰਮ ਦੇ ਨਾਲ

...(ਜੇਕਰ ਮਨੁੱਖੀ) ਬੁੱਧੀ ਕੁਕਰਮਾਂ ਦੇ ਨਾਲ ਭਰ ਜਾਏ...

ਓਹੁ*(ਓਹ)* **ਧੋਪੈ,**
ਉਹ ਧੁਪਦੀ ਹੈ, ਭਾਵ ਪਵਿੱਤਰ ਹੁੰਦੀ ਹੈ

ਨਾਵੈ *(ਨਾਵੈਂ)*		**ਕੈ**	**ਰੰਗਿ** *(ਰੰਗ)* ॥
ਨਾਮ-ਅਭਿਆਸ, ਸਿਮਰਨ-ਭਗਤੀ		ਦੇ	ਰੰਗ ਦੁਆਰਾ, ਪਿਆਰ ਰਾਹੀਂ

...(ਤਾਂ) ਉਹ ਹਰੀ ਨਾਮ ਦੀ ਪ੍ਰੀਤ, ਭਾਵ ਨਾਮ-ਅਭਿਆਸ ਦੇ ਰੰਗ ਰਾਹੀਂ ਪਵਿੱਤਰ ਹੋ ਜਾਂਦੀ ਹੈ।...

ਪੁੰਨੀ *(ਪੁੰਨੀਂ)*	**ਪਾਪੀ**	**ਆਖਣੁ** *(ਆਖਣ)*	**ਨਾਹਿ** *(ਨਾ ਹੈਂ)* ॥
ਪੁੰਨ ਕਰਨ ਵਾਲਾ	ਕੁਕਰਮੀ	ਕਹਿਣ ਮਾਤਰ, ਅਖੌਤ	ਨਹੀਂ

...ਪੁੰਨੀ ਜਾਂ ਪਾਪੀ (ਇਹ ਨਾਮ) ਕੇਵਲ ਕਹਿਣ ਮਾਤਰ ਨਹੀਂ ਹਨ।...

ਕਰਿ *(ਕਰ)*	**ਕਰਿ** *(ਕਰ)*	**ਕਰਣਾ,** *(ਕਰਣਾਂ)*
ਕਰਕੇ	ਕਰਕੇ	ਕਰਮ

ਲਿਖਿ *(ਲਿਖ)*	**ਲੈ**	**ਜਾਹੁ** *(ਜਾ ਹੋ)* ॥
ਲਿਖ ਕੇ	ਲੈਕੇ	ਜਾਹਿੰਗਾ

...(ਹੇ ਪ੍ਰਾਣੀ! ਤੂੰ ਪੁੰਨ ਪਾਪ ਵਾਲੇ) ਕਰਮ ਕਰ ਕਰ ਕੇ ਲਿਖ ਕੇ (ਉਨ੍ਹਾਂ ਦਾ ਲੇਖਾ ਆਪਣੇ ਨਾਲ) ਲੈ ਜਾਏਂਗਾ।...

ਆਪੇ	**ਬੀਜਿ,** *(ਬੀਜ)*	**ਆਪੇ**	**ਹੀ**	**ਖਾਹੁ** *(ਖਾ ਹੋ)* ॥
ਆਪ	ਬੀਜ ਕੇ	ਆਪ	ਸਿਰਫ਼, ਕੇਵਲ	ਖਾਹਿੰਗਾ

...(ਹੇ ਭਾਈ! ਤੂੰ ਚੰਗਾ ਮੰਦਾ) ਆਪ ਬੀਜਕੇ (ਉਸਦਾ ਚੰਗਾ ਮੰਦਾ ਫ਼ਲ ਵੀ) ਸਿਰਫ਼ ਆਪ ਹੀ ਖਾਏਂਗਾ।

ਨਾਨਕ, **ਹੁਕਮੀ,** *(ਹੁਕਮੀਂ)*
ਹੇ ਨਾਨਕ ! ਹੁਕਮ ਅਨੁਸਾਰ, ਈਸ਼ਵਰੀ ਵਿਧਾਨ ਅਨੁਸਾਰ

ਆਵਹੁ *(ਆਵੋ ਹ)* **ਜਾਹੁ** *(ਜਾ ਹੋ)* **॥੨੦॥**
ਆਏਂਗਾ ਜਾਏਂਗਾ

...ਹੇ ਨਾਨਕ ! (ਤੂੰ) ਈਸ਼ਵਰੀ-ਵਿਧਾਨ ਅਨੁਸਾਰ ਹੀ ਸੰਸਾਰ ਵਿਚ ਆਏਂਗਾ ਤੇ ਜਾਏਂਗਾ ਭਾਵ ਜੰਮੇਗਾ ਅਤੇ ਮਰੇਂਗਾ।

ਤੀਰਥੁ *(ਤੀਰਥ)* **ਤਪੁ,** *(ਤਪ)*
ਤੀਰਥ ਭ੍ਰਮਣ ਤਪੱਸਿਆ

ਦਇਆ *(ਦ ਇਆ)* **ਦਤੁ** *(ਦਤ)* **ਦਾਨੁ** *(ਦਾਨ)* **॥**
ਕਰੁਣਾ, ਰਹਿਮ ਦਾਤ, ਬਖਸ਼ਿਸ਼ ਖ਼ੈਰਾਤ, ਪੁੰਨ ਰੂਪ 'ਚ ਦਿੱਤੀ ਹੋਈ ਵਸਤੂ

ਤੀਰਥਾਂ ਦੀ ਯਾਤਰਾ, ਤਪੱਸਿਆ, ਰਹਿਮ, ਦਿੱਤੀਆਂ ਹੋਈਆਂ ਦਾਤਾਂ ਤੇ ਦਾਨ ਆਦਿਕ (ਕਰਮ ਜੇ ਕੋਈ ਕਰਦਾ ਹੈ, ਤਾਂ ਇਨ੍ਹਾਂ)...

ਜੇ **ਕੋ** **ਪਾਵੈ,** **ਤਿਲ**
ਜੇਕਰ ਕੋਈ ਪਾ ਲਵੇ ਇਕ ਨਿੱਕਾ ਜਿਹਾ ਬੀਜ ਜਿਸਦਾ ਤੇਲ ਕੱਢਿਆ ਜਾਂਦਾ ਹੈ

ਕਾ **ਮਾਨੁ** *(ਮਾਨ)* **॥**
ਜਿਤਨਾ ਇੱਜ਼ਤ, ਆਦਰ

...(ਕਰਕੇ) ਜੇਕਰ ਕਿਸੇ ਨੂੰ (ਇਸ ਸੰਸਾਰ ਵਿਚ) ਕੋਈ ਆਦਰ ਸਤਿਕਾਰ ਮਿਲੇਗਾ, ਤਾਂ ਉਹ ਤਿਲ-ਮਾਤਰ ਭਾਵ ਥੋੜ੍ਹਾ ਜਿਹਾ ਹੀ

ਹੋਵੇਗਾ। (ਅਰਥਾਤ ਜੇ ਮਨੁੱਖੀ ਸਮਾਜ ਵਿਚ ਅਜਿਹੇ ਵਿਅਕਤੀਆਂ ਨੂੰ ਕੋਈ ਥੋੜ੍ਹਾ ਬਹੁਤ ਇੱਜ਼ਤ ਮਾਣ ਮਿਲ ਵੀ ਜਾਵੇ ਤਾਂ ਵੀ ਰੱਬੀ ਦਰਗਾਹ ਵਿਚ ਇਨ੍ਹਾਂ ਦਾ ਕੋਈ ਬਹੁਤਾ ਮੁੱਲ ਨਹੀਂ)।...

ਸੁਣਿਆ *(ਸੁ ਣੈਆਂ)* **ਮੰਨਿਆ,** *(ਮੰ ਨੈਆਂ)*
ਸ਼੍ਰਵਣ ਕੀਤੈ ਮਨਨ ਕੀਤੈ

ਮਨਿ *(ਮਨ)* **ਕੀਤਾ** **ਭਾਉ** *(ਭਾ ਓ)* ॥
ਮਨ ਵਿਚ, ਹਿਰਦੇ ਵਿਚ ਕੀਤਾ ਹੈ ਪਿਆਰ

...ਜੇ ਕਿਸੇ ਨੇ ਸ਼੍ਰਵਣ ਅਤੇ ਮਨਨ ਕਰਕੇ ਆਪਣੇ ਹਿਰਦੇ ਵਿਚੋਂ (ਵਾਹਿਗੁਰੂ ਜੀ ਨਾਲ) ਪਿਆਰ ਕੀਤਾ ਹੈ...

ਅੰਤਰਗਤਿ *(ਅੰਤਰਗਤ)* **ਤੀਰਥਿ,** *(ਤੀਰਥ)*
ਅੰਤਹਕਰਣ ਵਿਚ ਤੀਰਥਾਂ ਵਿਚ

ਮਲਿ *(ਮ.ਲ)* **ਨਾਉ** *(ਨ ਹਾਓ)* ॥
ਮਲ ਮਲ ਕੇ ਇਸ਼ਨਾਨ ਕੀਤਾ ਹੈ

...(ਤਾਂ ਸਮਝ ਲਵੋ ਉਸਨੇ ਆਪਣੇ) ਅੰਤਹਕਰਣ ਦੇ ਤੀਰਥ ਵਿਚ ਮਲ ਮਲ ਕੇ ਇਸ਼ਨਾਨ ਕਰ ਲਿਆ ਹੈ।...

ਸਭਿ *(ਸਭ)* **ਗੁਣ** **ਤੇਰੇ,**
ਸਾਰੇ ਚੰਗਿਆਈਆਂ ਤੁਹਾਡੇ, ਆਪ ਜੀ ਦੇ

ਮੈ *(ਮੈਂ)* **ਨਾਹੀ** *(ਨਾਹੀਂ)* **ਕੋਇ** *(ਕੋ ਏ)* ॥
ਮੇਰੇ ਵਿਚ ਨਹੀਂ ਕੋਈ ਵੀ

...(ਸਾਹਿਬ ਜੀਓ!) ਸਭ ਚੰਗਿਆਈਆਂ ਤੁਹਾਡੀਆਂ (ਬਖਸ਼ੀਆਂ ਹੋਈਆਂ ਹਨ) ਮੇਰੇ ਵਿਚ ਤਾਂ ਕੋਈ (ਗੁਣ) ਨਹੀਂ।...

ਵਿਣੁ *(ਵਿਣ)* **ਗੁਣ** **ਕੀਤੇ,**
ਬਿਨਾਂ ਚੰਗਿਆਈਆਂ ਕਰਨ ਤੋਂ

ਭਗਤਿ *(ਭਗਤ)* **ਨ** *(ਨਾਂ)* **ਹੋਇ** *(ਹੋ ਏ)* ॥
ਭਗਤੀ ਨਹੀਂ ਹੋ ਸਕਦੀ

...(ਪਰਮਾਤਮ) ਗੁਣ (ਗ੍ਰਹਿਣ) ਕਰਨ ਤੋਂ ਬਿਨਾਂ (ਪ੍ਰਭੂ) ਭਗਤੀ ਨਹੀਂ ਹੋ ਸਕਦੀ।...

ਸੁਅਸਤਿ *(ਸੋਅਸਤ)* **ਆਥਿ,** *(ਆਥ)*
ਨਮਸ਼ਕਾਰ ਹੈ, ਜੈ ਜੈ ਕਾਰ ਹੈ ਮਾਇਆ

ਬਾਣੀ *(ਬਾਣੀਂ)* **ਬਰਮਾਉ** *(ਬ੍ਰ ਹਮਾ ਓ)* ॥
ਬਚਨ,ਕਵਾਉ ਬ੍ਰਹਮਾ ਦੀ ਰਚਨਾ, ਸ੍ਰਿਸ਼ਟੀ

...ਆਪਣੇ ਬਚਨ (ਕਵਾਉ) ਰਾਹੀਂ ਮਾਇਆ ਰੂਪੀ ਸ੍ਰਿਸ਼ਟੀ ਰਚਣ ਵਾਲੇ (ਅਕਾਲ ਪੁਰਖ ਜੀਓ! ਆਪ ਜੀ ਨੂੰ) ਨਮਸ਼ਕਾਰ ਹੈ, ਆਪ ਜੀ ਦੀ ਜੈ ਜੈ ਕਾਰ ਹੈ।...

ਸਤਿ *(ਸਤ)* **ਸੁਹਾਣੁ,** *(ਸੋਹਾਣ)*
ਸੱਤ ਸਰੂਪ ਸੁੰਦਰ, ਸੁਹਣਾ

ਸਦਾ **ਮਨਿ** *(ਮਨ)* **ਚਾਉ** *(ਚਾ ਓ)* ॥
ਹਮੇਸ਼ਾਂ ਮਨ ਵਿਚ ਖੁਸ਼ੀ, ਖੇੜਾ

...(ਹੇ ਵਾਹਿਗੁਰੂ ਜੀਓ! ਤੁਸੀਂ) ਸੱਤ ਸਰੂਪ ਹੋ, ਸੁੰਦਰ ਹੋ, (ਅਤੇ ਤੁਹਾਡੇ) ਮਨ ਵਿਚ ਹਮੇਸ਼ਾਂ ਖੁਸ਼ੀ ਅਤੇ ਖਿੜਾਉ ਬਣਿਆ ਰਹਿੰਦਾ ਹੈ। (ਭਾਵ ਤੁਸੀਂ ਸੱਤ, ਚਿੱਤ ਅਨੰਦ ਹੋ)...

ਕਵਣੁ *(ਕਵਣ)* **ਸੁ** *(ਸੋ)* **ਵੇਲਾ,** *(ਵੇਲਾ)*
ਕਿਹੜਾ ਉਹ ਸਮਾਂ

ਵਖਤੁ *(ਵਖ਼ਤ)* **ਕਵਣੁ,** *(ਕਵਣ)*
ਵਕਤ ਕਿਹੜਾ

ਕਵਣ **ਥਿਤਿ,** *(ਥਿੱਤ)*
ਕਿਹੜਾ ਤਿਥ, ਚੰਦ੍ਰਮਾ ਦੇ ਘਟਣ ਵਧਣ ਅਨੁਸਾਰ ਬਣਿਆਂ ਦਿਨ

ਕਵਣੁ *(ਕਵਣ)* **ਵਾਰੁ** *(ਵਾਰ)* ॥
ਕਿਹੜਾ ਦਿਨ

...ਉਹ ਕਿਹੜਾ ਸਮਾਂ ਜਾਂ ਵਕਤ ਸੀ? ਕਿਹੜੀ ਥਿੱਥ ਸੀ? ਕਿਹੜਾ ਦਿਨ ਸੀ?...

ਕਵਣਿ *(ਕਵਣ)* **ਸਿ** *(ਸੇ)* **ਰੁਤੀ,** *(ਰੁੱਤੀ)*
ਕਿਹੜਾ ਉਹ ਰੁੱਤ

ਮਾਹੁ *(ਮਾਹ)* **ਕਵਣੁ,** *(ਕਵਣ)*
ਮਹੀਨਾ ਕਿਹੜਾ

ਜਿਤੁ *(ਜਿਤ)* **ਹੋਆ** **ਆਕਾਰੁ** *(ਆਕਾਰ)* ॥
ਜਦੋਂ ਹੋਇਆ ਸਰੂਪ, ਵਜੂਦ, ਰਚਨਾ

...ਉਹ ਕਿਹੜੀ ਰੁੱਤ ਅਤੇ ਕਿਹੜਾ ਮਹੀਨਾ ਸੀ ਜਦੋਂ (ਬ੍ਰਹਿਮੰਡ) ਦੀ ਰਚਨਾ ਹੋਈ ? ਭਾਵ ਜਦੋਂ ਸ੍ਰਿਸ਼ਟੀ ਹੋਂਦ ਵਿਚ ਆਈ? ...

ਵੇਲ	**ਨ** *(ਨਾਂ)*	**ਪਾਈਆ**	**ਪੰਡਤੀ,** *(ਪੰਡਤੀਂ)*
ਸਮਾਂ	ਨਹੀਂ	ਪਾਇਆ, ਲੱਭਿਆ	ਪੰਡਤਾਂ ਨੇ, ਭਾਰਤ ਦੇ ਪੁਰਾਤਨ ਵਿਦਵਾਨਾਂ ਨੇ

ਜਿ *(ਜੇ)*	**ਹੋਵੈ**	**ਲੇਖੁ** *(ਲੇਖ)*	**ਪੁਰਾਣੁ** *(ਪੁਰਾਣ)* ॥
ਜੇਕਰ	ਹੁੰਦਾ	ਲਿਖਤ, ਉਲੇਖ	ਪੁਰਾਣ, ਹਿੰਦੂਆਂ ਦੇ ਅਠਾਰਾਂ ਧਾਰਮਿਕ ਗ੍ਰੰਥ

...ਪੰਡਿਤ-ਜਨਾਂ ਨੂੰ ਵੀ ਬ੍ਰਹਿਮੰਡ ਦੇ ਨਿਰਮਾਣ ਦਾ ਸਮਾਂ ਪਤਾ ਨਹੀਂ ਲਗ ਸਕਿਆ, ਜੇਕਰ (ਪਤਾ ਲਗਿਆ) ਹੁੰਦਾ ਤਾਂ ਜ਼ਰੂਰ ਪੁਰਾਣਾਂ ਵਰਗੀ ਕੋਈ ਲਿਖਤ ਲਿਖ ਕੇ ਦੇ ਦਿੰਦੇ।...

ਵਖਤੁ *(ਵਖ਼ਤ)*	**ਨ** *(ਨਾਂ)*	**ਪਾਇਓ** *(ਪਾ ਏਓ)*
ਵਕਤ, ਸਮਾਂ	ਨਹੀਂ	ਪਾਇਆ, ਲਭਿਆ

ਕਾਦੀਆ, *(ਕਾਦੀਆਂ)*	**ਜਿ** *(ਜੇ)*	**ਲਿਖਨਿ** *(ਲਿਖਨ)*
ਕਾਜ਼ੀਆਂ, ਇਸਲਾਮ ਧਰਮ ਦੇ ਵਿਦਵਾਨਾਂ ਨੇ	ਜੇਕਰ	ਲਿਖਦੇ

ਲੇਖੁ *(ਲੇਖ)*	**ਕੁਰਾਣੁ** *(ਕੁਰਾਣ)* ॥
ਲਿਖਤ, ਉਲੇਖ	ਕੁਰਾਣ, ਇਸਲਾਮ ਦੀ ਧਰਮ ਪੁਸਤਕ

...ਕਾਜ਼ੀਆਂ ਨੂੰ ਵੀ ਕੋਈ ਸਮਾਂ ਮਾਲੂਮ ਨਹੀਂ ਹੋਇਆ, ਜੇ (ਹੁੰਦਾ ਤਾਂ ਜ਼ਰੂਰ ਉਹ ਵੀ) ਕੁਰਾਨ ਵਰਗੀ ਕੋਈ ਲਿਖਤ ਲਿਖ ਦਿੰਦੇ।...

ਥਿਤਿ *(ਥਿੱਤ)*	**ਵਾਰੁ** *(ਵਾਰ)*	**ਨਾ** *(ਨਾਂ)*	**ਜੋਗੀ**
ਤਿਥ	ਦਿਨ	ਨਹੀਂ	ਯੋਗ ਅਭਿਆਸੀ, ਜੋਗ ਦੀ ਸਾਧਨਾ ਕਰਨ ਵਾਲੇ

ਜਾਣੈ, *(ਜਾਣੈਂ)*	**ਰੁਤਿ** *(ਰੁੱਤ)*	**ਮਾਹੁ** *(ਮਾਹ)*	**ਨਾ** *(ਨਾਂ)*	**ਕੋਈ ॥**
ਜਾਣਦੇ	ਰੁੱਤ, ਮੌਸਮ	ਮਹੀਨਾ	ਨਹੀਂ	ਕੋਈ ਵੀ

...ਜੋਗੀ ਵੀ (ਜਗਤ ਦੀ ਉਤਪੱਤੀ ਬਾਰੇ ਕੋਈ) ਤਿਥ ਅਤੇ ਦਿਨ ਆਦਿਕ ਨਹੀਂ ਜਾਣਦੇ, ਅਤੇ ਹੋਰ ਕੋਈ (ਸਿਆਣਾ) ਵੀ ਇਸ ਸ੍ਰਿਸ਼ਟੀ ਨਿਰਮਾਣ ਬਾਰੇ ਰੁੱਤ ਮਹੀਨਾ ਨਹੀਂ ਜਾਣਦਾ।...

ਜਾ	**ਕਰਤਾ,**	**ਸਿਰਠੀ**	**ਕਉ** *(ਕੌ)*	**ਸਾਜੇ,**
ਜਿਹੜਾ	ਕਰਤਾਰ, ਸਿਰਜਣਹਾਰ	ਸ੍ਰਿਸ਼ਟੀ	ਨੂੰ	ਸਾਜਦਾ

ਆਪੇ	**ਜਾਣੈ** *(ਜਾਣੈਂ)*	**ਸੋਈ ॥**
ਆਪ ਹੀ	ਜਾਣਦਾ ਹੈ	ਉਹੋ ਹੀ

...ਜਿਹੜਾ ਕਰਤਾ ਪੁਰਖ ਸ੍ਰਿਸ਼ਟੀ ਨੂੰ ਸਾਜਦਾ ਹੈ (ਇਸਦੇ ਵਿਸਥਾਰ ਬਾਰੇ) ਉਹ ਆਪ ਹੀ ਜਾਣਦਾ ਹੈ।...

ਕਿਵ	**ਕਰਿ** *(ਕਰ)*	**ਆਖਾ,** *(ਆਖਾਂ)*	**ਕਿਵ**	**ਸਾਲਾਹੀ,** *(ਸਾਲਾਹੀਂ)*
ਕਿਵੇਂ	ਤਰ੍ਹਾਂ	ਕਹਾਂ	ਕਿਵੇਂ	ਸਲ੍ਹਾਵਾਂ, ਉਸਤਤੀ ਕਰਾਂ

ਕਿਉ *(ਕਿਉਂ)*	**ਵਰਨੀ** *(ਵਰਨੀਂ)*	**ਕਿਵ**	**ਜਾਣਾ** *(ਜਾਣਾਂ)* **॥**
ਕਿਵੇਂ	ਵਰਣਨ ਕਰਾਂ	ਕਿਵੇਂ	ਜਾਣ ਲਵਾਂ, ਅਨੁਭਵ ਕਰ ਲਵਾਂ

...ਕਿਸ ਤਰ੍ਹਾਂ ਨਾਲ, ਕਿਹੜੀ ਜੁਗਤ ਨਾਲ (ਕਰਤਾ-ਪੁਰਖ ਦੀ) ਸਿਫ਼ਤ ਸਲਾਹ ਕਰਾਂ, ਕਿਵੇਂ (ਅਕਾਲ-ਪੁਰਖ ਦਾ) ਵਰਨਣ ਕਰਾਂ ਅਤੇ ਕਿਵੇਂ (ਵਾਹਿਗੁਰੂ ਜੀ ਬਾਰੇ) ਅਨੁਭਵ ਕਰਾਂ? (ਜਿਸਨੇ ਇਸ ਬ੍ਰਹਿਮੰਡ ਦਾ ਨਿਰਮਾਣ ਕੀਤਾ ਹੈ)।

ਨਾਨਕ, **ਆਖਣਿ** *(ਆਖਣ)*
ਹੇ ਨਾਨਕ! ਕਹਿਣ ਨੂੰ ਤਾਂ

ਸਭੁ *(ਸਭ)* **ਕੋ** **ਆਖੈ,**
ਸਾਰੇ, ਕੋਈ ਆਖਦੇ ਹਨ, ਵਰਨਣ ਕਰਦੇ ਹਨ

ਇਕ ਦੂ *(ਇਕਦੂੰ)* **ਇਕੁ** *(ਇੱਕ)* **ਸਿਆਣਾ** *(ਸੇਆਣਾਂ)* ॥
ਇਕ ਤੋਂ ਵੀ ਇਕ ਸਿਆਣੇ, ਸੂਝਵਾਨ

...ਹੇ ਨਾਨਕ! ਕਹਿਣ ਨੂੰ ਤਾਂ ਹਰ ਕੋਈ (ਪਰਮਾਤਮਾ ਬਾਰੇ) ਵਰਨਣ ਕਰਦਾ ਹੈ, ਅਤੇ ਉਹ ਇਕ ਨਾਲੋਂ ਇਕ ਵੱਧ ਸਿਆਣਾ ਵੀ ਹੈ।

ਵਡਾ *(ਵੱਡਾ)* **ਸਾਹਿਬੁ,** *(ਸਾ ਹੇਬ)* **ਵਡੀ** *(ਵੱਡੀ)*
ਮਹਾਨ, ਸਰਵ-ਸ੍ਰੇਸ਼ਟ ਓਅੰਕਾਰ, ਵਾਹਿਗੁਰੂ ਮਹਾਨ

ਨਾਈ, **ਕੀਤਾ** **ਜਾ ਕਾ** **ਹੋਵੈ** ॥
ਸ਼ੋਭਾ, ਵਡਿਆਈ ਕਰਿਆ, ਬਣਾਇਆ *ਜਿਸਦਾ* ਹੁੰਦਾ ਹੈ

...ਉਹ ਸਾਹਿਬ ਮਹਾਨ ਹੈ, ਉਸਦੀ ਵਡਿਆਈ ਮਹਾਨ ਹੈ, ਜਿਸ ਦੇ ਕੀਤਿਆਂ ਸਭ ਕੁਝ ਹੁੰਦਾ ਹੈ।...

ਨਾਨਕ, **ਜੇ** **ਕੋ**
ਹੇ ਨਾਨਕ ! ਜੇਕਰ ਕੋਈ

ਆਪੌ *(ਆਪੌਂ)* **ਜਾਣੈ,** *(ਜਾਣੈਂ)*
ਆਪਣੇ ਆਪ ਨੂੰ ਸਮਝੇ(ਹੰਕਾਰ ਕਰਕੇ ਵੱਡਾ)

ਅਗੈ, **ਗਇਆ** *(ਗ ਇਆ)*
ਅੱਗੇ,(ਪ੍ਰਭੂ ਦਰਬਾਰ ਤੇ) ਗਿਆ ਹੋਇਆ

ਨ *(ਨਾਂ)* **ਸੋਹੈ ॥੨੧॥**
ਨਹੀਂ ਸ਼ੋਭਦਾ ਹੈ

...ਹੇ ਨਾਨਕ ! ਜੇਕਰ ਕੋਈ ਆਪਣੇ ਆਪ ਨੂੰ (ਹੰਕਾਰ ਕਰਕੇ ਵੱਡਾ) ਸਮਝੇ ਤਾਂ ਪ੍ਰਭੂ ਦਰਬਾਰ ਵਿਚ ਗਿਆ ਹੋਇਆ, ਸ਼ੋਭਦਾ ਨਹੀਂ। (ਭਾਵ ਉਥੇ ਉਸਨੂੰ ਕੋਈ ਆਦਰ ਸਤਿਕਾਰ ਨਹੀਂ ਮਿਲਦਾ)।

ਪਾਤਾਲਾ *(ਪਾਤਾਲਾਂ)* **ਪਾਤਾਲ** **ਲਖ,** *(ਲੱਖ)*
ਪ੍ਰਿਥਵੀ ਹੇਠਲੇ ਭਵਣਾਂ ਤੋਂ(ਹੇਠਾਂ) ਪ੍ਰਿਥਵੀ ਹੇਠਲੇ ਭਵਣ ਲੱਖਾਂ ਹੀ(ਬੇਅੰਤ)

ਆਗਾਸਾ *(ਆਗਾਸਾਂ)* **ਆਗਾਸ ॥**
ਅਕਾਸ਼ਾਂ ਤੋਂ(ਵੀ ਉੱਪਰ) ਆਕਾਸ਼

...ਪ੍ਰਿਥਵੀ ਦੇ ਹੇਠਾਂ ਵੀ ਲੱਖਾਂ ਹੀ ਹੋਰ ਪਾਤਾਲ ਹਨ, ਅਤੇ ਆਕਾਸ਼ਾਂ ਤੋਂ ਉੱਪਰ ਵੀ ਲੱਖਾਂ ਹੀ ਹੋਰ ਆਕਾਸ਼ ਹਨ।...

ਓੜਕ ਓੜਕ **ਭਾਲਿ** *(ਭਾਲ)* **ਥਕੇ,**
ਅੰਤ, ਹੱਦ, ਆਖਰ ਭਾਲਕੇ, ਲੱਭਕੇ ਥੱਕ ਗਏ, ਅੱਕ ਗਏ

ਵੇਦ	**ਕਹਨਿ** *(ਕੈ ਹਨ)*	**ਇਕ** *(ਇੱਕ)*	**ਵਾਤ ॥**
ਵੇਦ ਆਦਿਕ ਧਰਮ ਪੁਸਤਕਾਂ	ਕਹਿੰਦੀਆਂ ਹਨ	ਇੱਕ	ਜ਼ਬਾਨ, ਗਲ

...ਵੇਦ ਆਦਿਕ ਧਰਮ ਪੁਸਤਕਾਂ ਇਕ ਜ਼ੁਬਾਨ ਹੋਕੇ ਕਹਿੰਦੀਆਂ ਹਨ ਕਿ (ਸਿਆਣੇ ਪੁਰਸ਼ ਕਰਤਾ-ਪੁਰਖ ਦੀ ਬੇਅੰਤਤਾ ਦਾ ਅੰਤ) ਲੱਭ ਲੱਭ ਕੇ ਆਖ਼ਰ ਥੱਕ ਗਏ ਹਨ।...

ਸਹਸ *(ਸੈ ਹਸ)*	**ਅਠਾਰਹ,** *(ਅਠਾਰੈਂ ਹ)*
ਹਜ਼ਾਰ	ਅਠਾਰਾਂ(ਸਾਮੀ ਧਰਮਾਂ ਅਨੁਸਾਰ ਅਠਾਰਾਂ ਹਜ਼ਾਰ ਆਲਮ(ਸੰਸਾਰ) ਮੰਨੇ ਗਏ ਹਨ)

ਕਹਨਿ *(ਕੈ ਹਨ)*	**ਕਤੇਬਾ,** *(ਕਤੇਬਾਂ)*
ਕਹਿੰਦੀਆਂ ਹਨ	ਸਾਮੀ ਧਰਮਾਂ ਦੇ ਚਾਰ ਪਵਿੱਤਰ ਗ੍ਰੰਥ(ਕੁਰਾਨ, ਅੰਜੀਲ, ਤੌਰੇਤ ਤੇ ਜ਼ੰਬੂਰ)

ਅਸੁਲੂ	**ਇਕੁ** *(ਇੱਕ)*	**ਧਾਤੁ** *(ਧਾਤ)* **॥**
ਅਸਲ ਵਿਚ,ਵਾਸਤਵ ਵਿਚ	ਇੱਕ	ਕਰਤਾ-ਪੁਰਖ

...ਸਾਮੀ ਧਰਮਾਂ ਦੇ ਪਵਿੱਤਰ ਗ੍ਰੰਥ ਕਹਿੰਦੇ ਹਨ ਕਿ ਬ੍ਰਹਿਮੰਡ ਵਿਚ ਅਠਾਰਾਂ ਹਜ਼ਾਰ ਆਲਮ (ਜਗਤ) ਹਨ, ਪਰ ਅਸਲ ਵਿਚ (ਤੱਤ ਵਸਤੂ ਭਾਵ ਇਨ੍ਹਾਂ ਦਾ ਪੈਦਾ ਕਰਨ ਵਾਲਾ ਤਾਂ) ਇੱਕ ਕਰਤਾ-ਪੁਰਖ ਹੀ ਹੈ।(ਅਤੇ ਉਸਦੀ ਸਿਰਜਨਾ, ਗਿਣਤੀਆਂ ਮਿਣਤੀਆਂ ਵਿਚ ਨਹੀਂ ਆਉਂਦੀ ਉਸਦੀ ਰਚਨਾ ਤਾਂ ਬੇਅੰਤ ਹੈ।...

ਲੇਖਾ	**ਹੋਇ** *(ਹੋ ਏ)*	**ਤ** *(ਤਾਂ)*	**ਲਿਖੀਐ,**
ਹਿਸਾਬ ਕਿਤਾਬ, ਲੇਖਾ- ਜੋਖਾ	ਹੋ ਸਕੇ	ਤਦ	ਅੰਕਿਤ ਕਰੀਏ, ਲਿਖੀਏ

ਲੇਖੈ **ਹੋਇ**(*ਹੋ ਏ*) **ਵਿਣਾਸੁ**(*ਵਿਣਾਸ*) ॥
ਲੇਖਾ ਕਰਦਿਆਂ ਹੋ ਜਾਂਦਾ ਮੁਕ ਜਾਂਦਾ, ਨਾਸ਼ ਹੋ ਜਾਂਦਾ

...(ਕਰਤਾ ਪੁਰਖ਼ ਦੀ ਸਾਜੀ ਹੋਈ ਕੁਦਰਤ ਦਾ) ਲੇਖਾ ਤਦ ਹੀ ਲਿਖ ਸਕਦੇ ਹਾਂ ਜੇਕਰ ਉਹ ਲਿਖਿਆ ਜਾ ਸਕੇ,(ਕਿਉਂਕਿ ਜੇ ਲੇਖਾ ਲਿਖਣ ਦਾ ਯਤਨ ਵੀ ਕਰੀਏ ਤਾਂ ਉਹ ਲੇਖਾ ਇਤਨਾ ਬੇਅੰਤ ਹੈ ਕਿ ਇਕ ਸੀਮਾ ਤੇ ਜਾਕੇ ਉਹ) ਲੇਖਾ ਭਾਵ ਗਿਣਤੀਆਂ ਹੀ ਮੁੱਕ ਜਾਣਗੀਆਂ, ਉਨ੍ਹਾਂ ਦਾ ਅੰਤ ਹੋ ਜਾਏਗਾ। (ਭਾਵ ਅਨੰਤ ਦਾ ਲੇਖਾ ਕਿਵੇਂ ਕੀਤਾ ਜਾ ਸਕਦਾ ਹੈ? ਕਦਾਚਿੱਤ ਵੀ ਨਹੀਂ ਕੀਤਾ ਜਾ ਸਕਦਾ)...

ਨਾਨਕ, **ਵਡਾ**(*ਵੱਡਾ*) **ਆਖੀਐ,**
ਹੇ ਨਾਨਕ! ਮਹਾਨ, ਬੇਅੰਤ ਆਖੀਏ, ਕਹੀਏ

ਆਪੇ **ਜਾਣੈ**(*ਜਾਣੈਂ*) **ਆਪੁ**(*ਆਪ*) ॥੨੨॥
ਆਪ ਹੀ ਜਾਣਦਾ ਆਪਣੇ ਆਪ ਨੂੰ

...ਹੇ ਨਾਨਕ! (ਆਓ ਕਰਤਾ-ਪੁਰਖ ਜੀ ਨੂੰ) ਬੇਅੰਤ ਬੇਅੰਤ ਆਖੀਏ, ਉਹ ਆਪ ਹੀ ਆਪਣੇ ਆਪ ਨੂੰ (ਭਾਵ ਆਪਣੀ ਬੇਅੰਤਤਾ ਨੂੰ) ਜਾਣਦਾ ਹੈ।

ਸਾਲਾਹੀ **ਸਾਲਾਹਿ,**(*ਸਾਲਾ ਹੇਂ*)
ਸਲਾਹੁਣ ਯੋਗ, ਉਸਤਤ ਯੋਗ ਸਲਾਹੁੰਦੇ ਹਨ, ਸਿਫ਼ਤ ਕਰਦੇ ਹਨ

ਏਤੀ **ਸੁਰਤਿ**(*ਸੁਰਤ*) **ਨ**(*ਨਾਂ*) **ਪਾਈਆ** ॥
ਇਤਨੀ ਸਮਝ, ਸੂਝ ਬੂਝ ਨਹੀਂ ਪਾਈ

ਸਲਾਹੁਣ ਯੋਗ (ਅਕਾਲ-ਪੁਰਖ ਦੀਆਂ) ਸਿਫ਼ਤਾਂ ਕਰ ਕਰ ਕੇ ਕਿਸੇ

ਨੇ ਇਤਨੀ ਸੂਝ ਬੂਝ ਵੀ ਪ੍ਰਾਪਤ ਨਹੀਂ ਕੀਤੀ, (ਕਿ ਕਰਤਾ-ਪੁਰਖ ਕਿਤਨਾ ਬੇਅੰਤ ਹੈ)...

ਨਦੀਆ *(ਨਦੀਆਂ)* **ਅਤੈ** **ਵਾਹ,**
ਦਰਿਆ ਅਤੇ, ਤੇ (ਪਾਣੀ ਦੇ)ਵਹਿਣ, ਨਾਲੇ

ਪਵਹਿ *(ਪਵੈਂਹ)* **ਸਮੁੰਦਿ,** *(ਸਮੁੰਦ)*
ਪੈਂਦੇ ਹਨ ਸਮੁੰਦਰ ਵਿਚ

ਨ *(ਨਾਂ)* **ਜਾਣੀਅਹਿ** *(ਜਾਣੀਐਂਹ)* ॥
ਨਹੀਂ ਜਾਣੇ ਜਾਂਦੇ

...ਨਦੀਆਂ ਨਾਲੇ ਜਦੋਂ ਸਾਗਰ ਵਿਚ ਪੈਂਦੇ ਹਨ (ਉਸ ਵਿਚ ਹੀ ਲੀਨ ਹੋ ਜਾਂਦੇ ਹਨ ਤਾਂ) ਫਿਰ (ਉਹ ਵੱਖਰੀ ਪਹਿਚਾਣ ਨਾਲ) ਨਹੀਂ ਜਾਣੇ ਜਾਂਦੇ। (ਇਹ ਨਦੀਆਂ ਨਾਲੇ ਸਾਗਰ ਵਿਚ ਲੀਨ ਤਾਂ ਹੋ ਸਕਦੇ ਹਨ, ਪਰ ਸਾਗਰ ਦੀਆਂ ਗਹਿਰਾਈਆਂ ਦੀ ਥਾਹ ਨਹੀਂ ਪਾ ਸਕਦੇ। ਇਸੇ ਤਰ੍ਹਾਂ ਅਸੀਂ ਪਰਮਾਤਮਾ ਵਿਚ ਡੁੱਬ ਤਾਂ ਸਕਦੇ ਹਾਂ, ਪਰ ਉਸਦੀਆਂ ਬੇਅੰਤਤਾ ਨੂੰ ਨਹੀਂ ਜਾਣ ਸਕਦੇ)।...

ਸਮੁੰਦ **ਸਾਹ** *(ਸ਼ਾਹ)* **ਸੁਲਤਾਨ,**
ਸਾਗਰ ਰਾਜਾ, ਪਾਤਸ਼ਾਹ ਸ਼ਹਿਨਸ਼ਾਹ, ਬਾਦਸ਼ਾਹ

ਗਿਰਹਾ *(ਗਿਰਹਾਂ)* **ਸੇਤੀ** **ਮਾਲੁ** *(ਮਾਲ)* **ਧਨੁ** *(ਧਨ)* ॥
ਪਹਾੜ, ਪਰਬਤ ਜਿਤਨਾ, ਜਿੱਡਾ ਪਦਾਰਥ ਦੌਲਤ

...ਜੇਕਰ ਕੋਈ ਸਾਗਰਾਂ ਦਾ (ਮਾਲਕ) ਸ਼ਹਿਨਸ਼ਾਹ ਸੁਲਤਾਨ ਹੋਵੇ (ਭਾਵ ਸਾਗਰਾਂ ਤੇ ਉਸਦੀ ਹਕੂਮਤ ਚਲਦੀ ਹੋਵੇ), ਅਤੇ ਉਸ ਕੋਲ ਕਿਸੇ ਪਹਾੜ ਜਿਤਨੇ ਧਨ ਪਦਾਰਥ ਵੀ ਹੋਣ...

ਕੀੜੀ — ਚੀਂਟੀ, ਕੀਟ, ਬਹੁਤ ਛੋਟਾ ਜਿਹਾ ਜੀਵ
ਤੁਲਿ *(ਤੁੱਲ)* — ਬਰਾਬਰ, ਸਮਾਨ

ਨ *(ਨਾਂ)* — ਨਹੀਂ
ਹੋਵਨੀ, *(ਹੋਵਨੀਂ)* — ਹੁੰਦੇ
ਜੇ — ਜੇਕਰ
ਤਿਸੁ *(ਤਿਸ)* — ਤਿਸਦੇ
ਮਨਹੁ *(ਮਨੋਂ ਹ)* — ਮਨ ਵਿਚੋਂ

ਨ *(ਨਾਂ)* — ਨਾ
ਵੀਸਰਹਿ *(ਵੀਸਰੈਂ ਹ)* **॥੨੩॥** — ਵਿਸਰ ਜਾਏ, ਭੁੱਲ ਜਾਏ

...(ਪਰ ਐਸੇ ਸ਼ਹਿਨਸ਼ਾਹਾਂ ਦੀ ਹਸਤੀ ਉਸ) ਛੋਟੀ ਜਿਹੀ ਕੀੜੀ ਬਰਾਬਰ ਵੀ ਨਹੀਂ ਹੁੰਦੀ, (ਹੇ ਪਰਮਾਤਮਾ!) ਜੇਕਰ ਉਸ (ਕੀੜੀ) ਦੇ ਮਨ ਵਿਚੋਂ ਤੂੰ ਨਾ ਵਿਸਰ ਜਾਏਂ।

ਅੰਤੁ *(ਅੰਤ)* — ਹੱਦ ਬੰਨਾ, ਅਖ਼ੀਰ
ਨ *(ਨਾਂ)* — ਨਹੀਂ
ਸਿਫਤੀ, *(ਸਿਫ਼ਤੀਂ)* — ਸਿਫਤਾਂ ਦਾ, ਗੁਣਾਂ ਦਾ

ਕਹਣਿ *(ਕੈ ਹਣ)* — ਕਹਿਣ ਦੁਆਰਾ, ਬਖਾਨਣ ਦੁਆਰਾ
ਨ *(ਨਾਂ)* — ਨਹੀਂ
ਅੰਤੁ *(ਅੰਤ)* **॥** — ਹੱਦ ਬੰਨਾ, ਅਖ਼ੀਰ

(ਕਰਤਾ-ਪੁਰਖ) ਦੇ ਗੁਣਾਂ ਵਡਿਆਈਆਂ ਦਾ ਕੋਈ ਅੰਤ ਨਹੀਂ, ਕਹਿਣ ਦੁਆਰਾ, ਅਥਵਾ ਅਕਲ ਦੁਆਰਾ (ਵੀ ਕੋਈ ਉਸ ਬੇਅੰਤਤਾ ਦਾ) ਅਖ਼ੀਰ ਨਹੀਂ (ਜਾਣ ਸਕਦਾ)...

ਅੰਤੁ *(ਅੰਤ)* — ਹੱਦ ਬੰਨਾ, ਅਖ਼ੀਰ
ਨ *(ਨਾਂ)* — ਨਹੀਂ
ਕਰਣੈ, *(ਕਰਣੈਂ)* — ਕਰਨੀ, ਭਾਵ ਕੀਤੀ ਹੋਈ ਰਚਨਾ

ਦੇਣਿ *(ਦੇਣ)* **ਨ** *(ਨਾਂ)* **ਅੰਤੁ** *(ਅੰਤ)* ॥
ਦਾਤਾਂ ਦਾ ਨਹੀਂ ਹੱਦ ਬੰਨਾ, ਅਖ਼ੀਰ

...(ਅਕਾਲ ਪੁਰਖ ਦੀ) ਕਰਨੀ, ਭਾਵ ਕੀਤੀ ਹੋਈ ਰਚਨਾ ਦਾ ਕੋਈ ਅਖ਼ੀਰ ਨਹੀਂ, ਅਤੇ ਉਸਦੀਆਂ ਦਾਤਾਂ ਦਾ ਵੀ ਕੋਈ ਸ਼ੁਮਾਰ ਨਹੀਂ।...

ਅੰਤੁ *(ਅੰਤ)* **ਨ** *(ਨਾਂ)* **ਵੇਖਣਿ,** *(ਵੇਖਣ)*
ਹੱਦ ਬੰਨਾ, ਅਖ਼ੀਰ ਨਹੀਂ ਵੇਖਣ ਨਾਲ, ਦੇਖਣ ਦੁਆਰਾ

ਸੁਣਣਿ *(ਸੁਣਣ)* **ਨ** *(ਨਾਂ)* **ਅੰਤੁ** *(ਅੰਤ)* ॥
ਸੁਨਣ ਦੁਆਰਾ ਨਹੀਂ ਹੱਦ ਬੰਨਾ, ਅਖ਼ੀਰ

...(ਕਰਤਾ-ਪੁਰਖ ਦੀ ਅਸਚਰਜ ਰਚਨਾ ਦਾ) ਵੇਖਣ ਨਾਲ ਕੋਈ ਅੰਤ ਨਹੀਂ (ਪਾਇਆ ਜਾ ਸਕਦਾ) ਅਤੇ ਨਾ ਹੀ (ਇਸ ਬੇਅੰਤ ਕੁਦਰਤ ਬਾਰੇ) ਸੁਨਣ ਦੁਆਰਾ ਕੋਈ ਹੱਦ ਬੰਨਾ (ਅਨੁਭਵ ਕੀਤਾ ਜਾ ਸਕਦਾ ਹੈ)...

ਅੰਤੁ *(ਅੰਤ)* **ਨ** *(ਨਾਂ)* **ਜਾਪੈ,**
ਹੱਦ ਬੰਨਾ, ਅਖ਼ੀਰ ਨਹੀਂ ਪਤਾ ਲਗਦਾ, ਸਮਝ ਆਉਂਦਾ,

ਕਿਆ *(ਕੇਆ)* **ਮਨਿ** *(ਮਨ)* **ਮੰਤੁ** *(ਮੰਤ)* ॥
ਕੀ ਮਨ ਵਿਚ ਮੰਤਵ, ਮਨੋਰਥ

...ਇਸ ਗਲ ਦਾ ਵੀ ਕੋਈ ਹੱਦ ਬੰਨਾਂ ਸਮਝ ਆਉਣਾ (ਮੁਸ਼ਕਿਲ ਹੈ ਕਿ ਉਸ ਕਰਤਾ-ਪੁਰਖ ਦੇ) ਮਨ ਵਿਚ (ਇਸ ਬ੍ਰਹਿਮੰਡੀ ਰਚਨਾ ਨੂੰ ਰਚਣ ਦਾ ਕੀ) ਮਨੋਰਥ ਹੈ।

ਅੰਤੁ *(ਅੰਤ)* **ਨ** *(ਨਾਂ)* **ਜਾਪੈ,**
ਹੱਦ ਬੰਨਾ, ਅਖ਼ੀਰ ਨਹੀਂ ਜਾਪਦਾ, ਪਤਾ ਲਗਦਾ

ਕੀਤਾ ਆਕਾਰੁ *(ਆਕਾਰ)* **॥**
ਕੀਤੇ ਹੋਏ ਸਰੂਪ, ਬ੍ਰਹਿਮੰਡੀ ਰਚਨਾ

...(ਕਰਤਾ-ਪੁਰਖ ਦੀ ਇਸ ਸਾਜੀ ਹੋਈ) ਬ੍ਰਹਿਮੰਡੀ ਰਚਨਾ ਦਾ ਵੀ ਕੋਈ ਅੰਤ ਥਹੁ ਨਹੀਂ ਪਤਾ ਲਗਦਾ।...

ਅੰਤੁ *(ਅੰਤ)* **ਨ** *(ਨਾਂ)* **ਜਾਪੈ,**
ਹੱਦ ਬੰਨਾ, ਅਖ਼ੀਰ ਨਹੀਂ ਜਾਪਦਾ, ਪਤਾ ਲਗਦਾ

ਪਾਰਾਵਾਰੁ *(ਪਾਰਾਵਾਰ)* **॥**
ਉਰਾਰ-ਪਾਰ

...(ਅਕਾਲ-ਪੁਰਖ ਦੀ ਸ੍ਰਿਸ਼ਟੀ ਦਾ) ਉਰਾਰ-ਪਾਰ ਦਾ ਕੋਈ ਹੱਦ ਬੰਨਾ, ਵੀ ਪਤਾ ਨਹੀਂ ਲਗਦਾ।...

ਅੰਤ ਕਾਰਣਿ, *(ਕਾਰਣ)*
ਹੱਦ ਬੰਨਾ, ਅਖ਼ੀਰ ਵਾਸਤੇ, ਲਈ

ਕੇਤੇ ਬਿਲਲਾਹਿ *(ਬਿਲਲਾ ਹੇਂ)* **॥**
ਕਿਤਨੇ ਹੀ ਵਿਲਕਦੇ ਰਹਿੰਦੇ ਹਨ, ਤਰਲੇ ਲੈ ਰਹੇ ਹਨ

...(ਕਰਤਾ-ਪੁਰਖ ਦੀ ਬੇਅੰਤ ਰਚਨਾ ਦਾ) ਅੰਤ (ਲੱਭਣ) ਵਾਸਤੇ ਕਿੰਨੇ ਹੀ (ਜੀਵ) ਤਰਲੇ ਲੈ ਰਹੇ ਹਨ...

ਤਾ ਕੇ ਅੰਤ,
ਤਿਸ ਦੇ ਹੱਦ ਬੰਨਾ, ਅਖ਼ੀਰ

ਨ *(ਨਾਂ)* **ਪਾਏ** **ਜਾਹਿ** *(ਜਾ ਹੈਂ)* ॥
ਨਹੀਂ ਲਭੇ ਜਾ ਸਕਦੇ

...(ਪਰ) ਉਸਦੀ (ਬੇਅੰਤਤਾ) ਦਾ ਹੱਦ-ਬੰਨਾ ਨਹੀਂ ਲਭਿਆ ਜਾ ਸਕਦਾ।...

ਏਹੁ *(ਏਹ)* **ਅੰਤੁ,** *(ਅੰਤ)*
ਇਹ ਹੱਦ ਬੰਨਾ, ਅਖ਼ੀਰ

ਨ *(ਨਾਂ)* **ਜਾਣੈ** *(ਜਾਣੈਂ)* **ਕੋਇ** *(ਕੋ ਏ)* ॥
ਨਹੀਂ ਜਾਣ ਸਕਦਾ ਕੋਈ

...(ਉਸਦੀ ਅਨੰਤਤਾ ਦਾ) ਇਹ ਅਖ਼ੀਰ ਜਾਣਿਆਂ ਹੀ ਨਹੀਂ ਜਾ ਸਕਦਾ...

ਬਹੁਤਾ *(ਬ ਹੌਤਾ)* **ਕਹੀਐ,**
ਜ਼ਿਆਦਾ, ਵੱਡਾ ਕਹਿਣ ਨਾਲ

ਬਹੁਤਾ *(ਬ ਹੌਤਾ)* **ਹੋਇ** *(ਹੋ ਏ)* ॥
(ਹੋਰ) ਜ਼ਿਆਦਾ, ਵੱਡਾ ਹੁੰਦਾ

...(ਉਸਨੂੰ ਹੋਰ) ਵੱਡਾ ਕਹਿਣ ਨਾਲ (ਭਾਵ ਉਸਤਤੀ ਕਰਨ ਨਾਲ, ਉਸਦੇ ਦੈਵੀ ਗੁਣ ਮੁੱਕਦੇ ਨਹੀਂ ਸਗੋਂ ਉਸ ਦੀ ਵਡਿਆਈ) ਇਸ ਤੋਂ ਵੀ ਹੋਰ ਵਧੇਰੇ ਹੁੰਦੀ ਜਾਂਦੀ ਹੈ।...

ਵਡਾ *(ਵੱਡਾ)* **ਸਾਹਿਬੁ,** *(ਸਾਹੈਬ)* **ਊਚਾ** **ਥਾਉ** *(ਥਾਓਂ)* ॥
ਮਹਾਨ, ਉੱਚਾ ਅਕਾਲ ਪੁਰਖ ਬਹੁਤ ਉੱਚਾ ਥਾਂ, ਨਿਵਾਸ

...ਸਾਹਿਬ ਜੀ ਮਹਾਨ ਹਨ, ਸਾਹਿਬਾਂ ਦਾ ਨਿਵਾਸ ਵੀ ਬਹੁਤ ਉੱਚਾ ਹੈ।...

ਊਚੇ **ਉਪਰਿ,** *(ਉੱਪਰ)* **ਊਚਾ** **ਨਾਉ** *(ਨਾਓਂ)* ॥
ਉੱਚੇ ਤੋਂ ਉਪਰ ਉੱਚਾ ਨਾਮ, ਵਡਿਆਈ, ਨਾਮਣਾ

...(ਸਾਹਿਬ ਦੀ) ਵਡਿਆਈ ਉੱਚੇ ਤੋਂ ਵੀ ਉੱਚੀ ਹੈ, ਭਾਵ ਬੇਅੰਤ ਹੀ ਬੇਅੰਤ ਹੈ।...

ਏਵਡੁ *(ਏਵਡ)* **ਊਚਾ,** **ਹੋਵੈ** **ਕੋਇ** *(ਕੋਏ)* ॥
ਏਨਾ ਉੱਚਾ ਹੋਏ ਕੋਈ

...(ਜੇਕਰ) ਕੋਈ (ਸਾਹਿਬ) ਜਿੱਡਾ ਉੱਚਾ ਹੋਵੇ...

ਤਿਸੁ *(ਤਿਸ)* **ਊਚੇ** **ਕਉ** *(ਕਓਂ)*
ਤਿਸ ਉੱਚੇ ਨੂੰ

ਜਾਣੈ *(ਜਾਣੈਂ)* **ਸੋਇ** *(ਸੋਏ)* ॥
ਸਮਝੇ, ਅਨੁਭਵ ਕਰੇ ਕੋਈ

...ਤਾਂ ਹੀ ਕੋਈ ਉਸ ਉੱਚੇ ਦੀ (ਉਚਿਆਈ ਨੂੰ) ਅਨੁਭਵ ਕਰ ਸਕੇਗਾ।...

ਜੇਵਡੁ *(ਜੇਵਡ)* **ਆਪਿ,** *(ਆਪ)*
ਜਿੱਡਾ ਵੱਡਾ ਆਪ

ਜਾਣੈ *(ਜਾਣੈਂ)* **ਆਪਿ** *(ਆਪ)* **ਆਪਿ** *(ਆਪ)* ॥
ਜਾਣਦਾ ਹੈ ਆਪ ਹੀ ਆਪ ਹੀ

...ਜਿਤਨਾ ਵੱਡਾ ਉਹ ਆਪ ਹੈ, (ਉਸ ਵਡੱਤਣ ਬਾਰੇ ਉਹ) ਸਿਰਫ਼ ਆਪ ਹੀ ਜਾਣਦਾ ਹੈ।...

ਨਾਨਕ, **ਨਦਰੀ**
ਹੇ ਨਾਨਕ! ਕ੍ਰਿਪਾ ਦੀ ਨਜ਼ਰ ਵਾਲਾ ਸਾਹਿਬ

ਕਰਮੀ *(ਕਰਮੀਂ)* **ਦਾਤਿ** *(ਦਾਤ)* ॥੨੪॥
ਮਿਹਰ ਦੁਆਰਾ ਬਖਸ਼ਿਸ਼

...ਹੇ ਨਾਨਕ! ਕ੍ਰਿਪਾ-ਕਟਾਖ਼ ਵਾਲੇ ਸਾਹਿਬ ਦੀ ਮਿਹਰ ਰਾਹੀਂ (ਹੀ ਉਸ ਦੀ) ਦਾਤ ਪ੍ਰਾਪਤ ਹੁੰਦੀ ਹੈ।

ਬਹੁਤਾ *(ਬ ਹੌਤਾ)* **ਕਰਮੁ,** *(ਕਰਮ)*
ਅਧਿਕ, ਜ਼ਿਆਦਾ ਬਖਸ਼ਿਸ਼

ਲਿਖਿਆ *(ਲਿ ਖੇਆ)* **ਨਾ** *(ਨਾਂ)* **ਜਾਇ** *(ਜਾ ਏ)* ॥
ਵਰਨਣ, ਅੰਕਿਤ ਨਹੀਂ ਜਾ ਸਕਦੀ

(ਸਾਹਿਬ) ਦੀ ਬਖਸ਼ਿਸ਼ ਇਤਨੀ ਜ਼ਿਆਦਾ ਹੈ ਕਿ (ਅੱਖਰਾਂ ਵਿਚ) ਅੰਕਿਤ ਨਹੀਂ ਕੀਤੀ ਜਾ ਸਕਦੀ।...

ਵਡਾ *(ਵੱਡਾ)* **ਦਾਤਾ,**
ਮਹਾਨ ਦਾਤਾਂ ਦੇਣ ਵਾਲਾ

ਤਿਲੁ *(ਤਿਲ)* **ਨ** *(ਨਾਂ)* **ਤਮਾਇ** *(ਤਮਾਏ)* ॥
ਤਿਲ ਜਿਤਨੀ ਵੀ, ਨਹੀਂ ਤਮ੍ਹਾਂ, ਲਾਲਚ
ਭਾਵ ਥੋੜ੍ਹੀ ਜਿਹੀ ਵੀ

...(ਕਰਤਾ-ਪੁਰਖ) ਮਹਾਨ ਦਾਤਾ ਹੈ। (ਉਸਨੂੰ ਦਿੱਤੀਆਂ ਹੋਈਆਂ ਦਾਤਾਂ ਬਦਲੇ ਲੈਣ ਦਾ) ਤਿਲ-ਮਾਤਰ ਵੀ ਲਾਲਚ ਨਹੀਂ ਹੈ। (ਕਿਉਂਕਿ ਦਾਤਾਂ ਦੇਣਾ ਤਾਂ ਉਸਦਾ ਸੁਭਾ ਹੈ)...

ਕੇਤੇ, ਮੰਗਹਿ, *(ਮੰਗੈਂਹ)* **ਜੋਧ ਅਪਾਰ** ॥
ਕਿਤਨੇ ਮੰਗ ਰਹੇ ਹਨ ਸੂਰਬੀਰ, ਜੋਧੇ ਬੇਅੰਤ, ਅਣਗਿਣਤ

...ਅਣਗਿਣਤ ਸੂਰਬੀਰ ਜੋਧੇ (ਸਾਹਿਬ ਦੇ ਦਰ ਤੋਂ ਦਾਤਾਂ) ਮੰਗ ਰਹੇ ਹਨ।...

ਕੇਤਿਆ, *(ਕੇਤਿਆਂ)* **ਗਣਤ ਨਹੀ** *(ਨਹੀਂ)* **ਵੀਚਾਰੁ** *(ਵੀਚਾਰ)* ॥
ਕਿਤਨੀ ਗਿਣਤੀ ਨਹੀਂ ਵਰਨਣ, ਕਥਨ

...(ਉਨ੍ਹਾਂ ਦੀ) ਗਿਣਤੀ ਕਿਤਨੀ ਹੈ, (ਇਸ ਬਾਰੇ) ਵਰਨਣ ਨਹੀਂ ਕੀਤਾ ਜਾ ਸਕਦਾ (ਭਾਵ ਉਹ ਅਣਗਿਣਤ ਹਨ)...

ਕੇਤੇ, ਖਪਿ *(ਖਪ)*
ਕਿਤਨੇ ਹੀ ਖਪ ਕੇ, ਗਰਕ ਹੋਕੇ

ਤੁਟਹਿ *(ਤੁਟੈਂਹ)* **ਵੇਕਾਰ** ॥
ਟੁੱਟ ਜਾਂਦੇ ਹਨ, ਨਾਸ਼ ਹੋ ਜਾਂਦੇ ਹਨ ਵਿਕਾਰਾਂ ਵਿਚ

...ਕਿਤਨੇ ਹੀ (ਅਕਾਲ-ਪੁਰਖ ਤੋਂ ਦਾਤਾਂ ਤਾਂ ਪ੍ਰਾਪਤ ਕਰਦੇ ਹਨ, ਪਰ ਸ਼ੁਕਰ ਕਰਨ ਦੀ ਬਜਾਏ) ਵਿਕਾਰਾਂ ਵਿਚ ਗਰਕ ਹੋਕੇ ਨਾਸ ਹੋ ਜਾਂਦੇ ਹਨ।...

ਕੇਤੇ, **ਲੈ ਲੈ** **ਮੁਕਰੁ** *(ਮੁਕਰ)* **ਪਾਹਿ** *(ਪਾ ਹੈਂ)* ॥
ਕਿਤਨੇ ਹੀ *ਲੈ ਲੈ ਕੇ* ਇਨਕਾਰੀ ਪੈਂਦੇ ਹਨ, ਜਾਂਦੇ ਹਨ

...ਕਿਤਨੇ ਹੀ (ਅਕਾਲ ਪੁਰਖ ਕੋਲੋਂ ਦਾਤਾਂ) ਲੈ ਲੈ ਕੇ (ਵਰਤਦੇ ਹਨ, ਪਰ ਫਿਰ ਵੀ ਇਨ੍ਹਾਂ ਤੋਂ) ਮਨੁਕਰ ਹੋ ਜਾਂਦੇ ਹਨ।...

ਕੇਤੇ **ਮੂਰਖ** **ਖਾਹੀ** **ਖਾਹਿ** *(ਖਾ ਹੈਂ)* ॥
ਕਿਤਨੇ ਹੀ ਮੂੜ੍ਹ ਖਾਂਦੇ ਖਾਈ ਜਾਂਦੇ

...ਕਿਤਨੇ ਹੀ ਮੂੜ੍ਹ ਲੋਕ (ਸਾਹਿਬ ਕੋਲੋਂ ਦਾਤਾਂ ਲੈਕੇ) ਖਾਈ ਹੀ ਜਾਂਦੇ ਹਨ, ਖਾਈ ਹੀ ਜਾਂਦੇ ਹਨ (ਪਰ ਕਦੀ ਵੀ ਉਸਦੀਆਂ ਬਖਸ਼ੀਆਂ ਦਾਤਾਂ ਲਈ ਸ਼ੁਕਰ-ਗੁਜ਼ਾਰ ਨਹੀਂ ਹੁੰਦੇ)...

ਕੇਤਿਆ, *(ਕੇ ਤੇਆਂ)* **ਦੂਖ** **ਭੂਖ** **ਸਦ** **ਮਾਰ** ॥
ਕਿੰਨਿਆਂ ਨੂੰ ਦੁੱਖ, ਕਲੇਸ਼ ਭੁੱਖ ਸਦਾ ਸਜ਼ਾ

...(ਸਾਹਿਬ ਦੀ ਰਜ਼ਾ ਵਿਚ) ਕਿਤਨਿਆਂ ਨੂੰ ਹਮੇਸ਼ਾਂ ਦੁੱਖਾਂ ਕਲੇਸ਼ਾਂ ਅਤੇ ਭੁੱਖੇ ਰਹਿਣ ਦੀ ਮਾਰ ਪਈ ਰਹਿੰਦੀ ਹੈ।...

ਏਹਿ *(ਏਹ)* **ਭਿ,** *(ਭੇ)*
ਇਹ ਵੀ

ਦਾਤਿ *(ਦਾਤ)* **ਤੇਰੀ** **ਦਾਤਾਰ** ॥
ਬਖਸ਼ਿਸ਼ ਤੁਹਾਡੀ ਦਾਤਾਂ ਦੇਣ ਵਾਲਾ

...(ਪਰ ਦੁੱਖ ਭੁੱਖ ਸਹਿ ਕੇ ਵੀ ਉਹ ਕਹਿੰਦੇ ਹਨ ਕਿ) ਹੇ ਦਾਤਾਰ ਜੀਓ! ਇਹ ਵੀ ਆਪ ਜੀ ਦੀ ਬਖਸ਼ਿਸ਼ ਤੇ ਰਜ਼ਾ ਹੈ।...

ਬੰਦਿ *(ਬੰਦ)* **ਖਲਾਸੀ, ਭਾਣੈ** *(ਭਾਣੈਂ)* **ਹੋਇ** *(ਹੋਏ)* ॥
ਬੰਦੀ ਤੋਂ, ਬੰਧਨਾਂ ਤੋਂ ਛੁਟਕਾਰਾ ਹੁਕਮ, ਰਜ਼ਾ ਹੁੰਦੀ ਹੈ

...(ਸਾਹਿਬ ਜੀਓ! ਸੰਸਾਰ ਦੇ) ਬੰਧਨਾਂ ਤੋਂ ਛੁਟਕਾਰਾ (ਸਿਰਫ਼ ਆਪਦੇ) ਹੁਕਮ ਅਨੁਸਾਰ ਹੀ ਹੁੰਦਾ ਹੈ।...

ਹੋਰੁ, *(ਹੋਰ)* **ਆਖਿ** *(ਆਖ)* **ਨ** *(ਨਾਂ)* **ਸਕੈ ਕੋਇ** *(ਕੋਏ)* ॥
ਹੋਰ ਕੋਈ, ਕਹਿ ਨਹੀਂ ਸਕਦਾ ਕੋਈ
ਦੂਸਰਾ

...(ਇਸ ਤੋਂ ਇਲਾਵਾ ਬੰਧਨਾਂ ਤੋਂ ਛੁਟਕਾਰੇ ਦਾ) ਹੋਰ ਕੋਈ ਤਰੀਕਾ, ਕੋਈ ਵਿਅਕਤੀ ਦਸ ਵੀ ਨਹੀਂ ਸਕਦਾ।...

ਜੇ ਕੋ ਖਾਇਕੁ, *(ਖਾਏਕ)*
ਜੇਕਰ ਕੋਈ ਵਧਾ ਕੇ ਗਲਾਂ ਕਰਨ ਵਾਲਾ, ਗਪੌੜੀ

ਆਖਣਿ *(ਆਖਣ)* **ਪਾਇ** *(ਪਾਏ)* ॥
ਆਖਣ ਦਾ ਯਤਨ ਕਰੇ

...ਜੇਕਰ ਕੋਈ ਗਪੌੜੀ (ਕੋਈ ਹੋਰ ਤਰੀਕਾ) ਦੱਸਣ ਦਾ ਯਤਨ ਕਰੇ...

ਓਹੁ *(ਓਹ)* **ਜਾਣੈ,** *(ਜਾਣੈਂ)*
ਉਹ ਹੀ ਜਾਣਦਾ ਹੈ

ਜੇਤੀਆ *(ਜੇਤੀਆਂ)* **ਮੁਹਿ** *(ਮੂੰਹ)* **ਖਾਇ** *(ਖਾਏ)* ॥
ਜਿਤਨੀਆਂ ਮੂੰਹ ਉੱਤੇ ਖਾਂਦਾ ਹੈ

...(ਤਾਂ ਉਹ) ਗਪੌੜੀ ਹੀ ਜਾਣਦਾ ਹੈ, ਕਿ ਕਿਤਨੀਆਂ ਚੋਟਾਂ ਉਹ ਮੂੰਹ ਉੱਤੇ ਖਾਂਦਾ ਹੈ।...

ਆਪੇ **ਜਾਣੈ,** *(ਜਾਣੈਂ)* **ਆਪੇ** **ਦੇਇ** *(ਦੇਅ)* ॥
ਆਪ ਹੀ ਜਾਣਦਾ ਹੈ ਆਪ ਹੀ ਦਿੰਦਾ ਹੈ

...(ਅਕਾਲ ਪੁਰਖ) ਆਪ ਹੀ (ਜੀਵਾਂ ਦੀਆਂ ਲੋੜਾਂ ਨੂੰ) ਜਾਣਦਾ ਹੈ ਅਤੇ ਆਪ ਹੀ (ਸਭ ਕੁਝ) ਦਿੰਦਾ ਹੈ।...

ਆਖਹਿ, *(ਆਖੈਂਹ)* **ਸਿ** *(ਸੇ)* **ਭਿ** *(ਭੇ)* **ਕੇਈ** **ਕੇਇ** *(ਕੇਅ)* ॥
ਆਖ ਰਹੇ ਹਨ ਇਹ ਵੀ ਕਈ ਜੀਵ

...ਕਈ (ਸ਼ੁਕਰਗੁਜ਼ਾਰ ਕਰਨ ਵਾਲੇ) ਜੀਵ ਇਹ ਵੀ ਆਖ ਰਹੇ ਹਨ, (ਅਕਾਲ ਪੁਰਖ) ਆਪ ਹੀ (ਜੀਵਾਂ ਦੀਆਂ ਲੋੜਾਂ ਨੂੰ) ਜਾਣਦਾ ਹੈ ਤੇ ਆਪ ਹੀ (ਸਭ ਦਾਤਾਂ ਬਖਸ਼) ਦਿੰਦਾ ਹੈ...

ਜਿਸ **ਨੋ** *(ਨੋਂ)* **ਬਖਸੇ,** *(ਬਖਸ਼ੇ)*
ਜਿਸ ਕਿਸੇ ਨੂੰ ਬਖ਼ਸ਼ ਦੇਵੇ

ਸਿਫਤਿ *(ਸਿਫ਼ਤ)* **ਸਾਲਾਹ** ॥
ਵਡਿਆਈ ਸ਼ਲਾਘਾ

...(ਸਾਹਿਬ) ਜਿਸ ਕਿਸੇ ਨੂੰ ਆਪਣੀ ਸਿਫ਼ਤ ਸਲਾਹ ਕਰਨ ਦੀ ਦਾਤ ਬਖਸ਼ ਦੇਵੇ...

ਨਾਨਕ, **ਪਾਤਿਸਾਹੀ** *(ਪਾਤਸ਼ਾਹੀਂ)*
ਹੇ ਨਾਨਕ ! ਪਾਤਸ਼ਾਹਾਂ ਦਾ ਵੀ

ਪਾਤਿਸਾਹੁ *(ਪਾਤਸ਼ਾਹ)* **॥੨੫॥**
ਪਾਤਸ਼ਾਹ, ਬਾਦਸ਼ਾਹ

...ਹੇ ਨਾਨਕ ! ਉਹ (ਮਨੁੱਖ) ਰਾਜਿਆਂ ਦਾ ਵੀ ਮਹਾਰਾਜਾ ਹੈ।

ਅਮੁਲ *(ਅਮੁੱਲ)* **ਗੁਣ,** **ਅਮੁਲ** *(ਅਮੁੱਲ)* **ਵਾਪਾਰ ॥**
ਅਣਮੋਲ ਚੰਗਿਆਈਆਂ ਅਣਮੋਲ ਵਣਜ

(ਸਾਹਿਬ) ਦੀਆਂ ਚੰਗਿਆਈਆਂ ਵੀ ਅਣਮੋਲ ਹਨ, ਅਤੇ ਚੰਗਿਆਈਆਂ ਦਾ ਵਾਪਾਰ ਵੀ ਅਣਮੋਲ ਹੈ।...

ਅਮੁਲ *(ਅਮੁੱਲ)* **ਵਾਪਾਰੀਏ,** **ਅਮੁਲ** *(ਅਮੁੱਲ)* **ਭੰਡਾਰ ॥**
ਅਣਮੋਲ ਵਾਪਾਰੀ ਅਣਮੋਲ ਖਜ਼ਾਨਾ

...(ਅਕਾਲ–ਪੁਰਖੀ ਗੁਣਾਂ ਦੇ) ਵਾਪਾਰੀ ਵੀ ਅਣਮੋਲ ਹਨ, ਅਤੇ ਗੁਣਾਂ ਦਾ ਖਜ਼ਾਨਾ ਵੀ ਅਣਮੋਲ ਹੈ।...

ਅਮੁਲ *(ਅਮੁੱਲ)* **ਆਵਹਿ,** *(ਆਵੈਂ ਹ)*
ਅਣਮੋਲ ਆਉਂਦੇ ਹਨ

ਅਮੁਲ *(ਅਮੁੱਲ)* **ਲੈ** **ਜਾਹਿ** *(ਜਾ ਹੈਂ)* **॥**
ਅਣਮੋਲ ਲੈ ਕੇ ਜਾਂਦੇ ਹਨ

ਅਣਮੋਲ ਹਨ (ਜੋ ਪ੍ਰਭੂ ਦੇ ਦਰ ਤੇ ਇਸ ਵਪਾਰ ਲਈ) ਆਉਂਦੇਂ ਹਨ ਅਤੇ ਅਣਮੋਲ (ਨਾਮ ਦਾ ਸੌਦਾ ਖਰੀਦ ਕੇ) ਲਿਜਾਂਦੇ ਹਨ।

ਅਮੁਲ *(ਅਮੁੱਲ)* **ਭਾਇ,** *(ਭਾ ਏ)*
ਅਣਮੋਲ ਪ੍ਰੇਮ, ਪਿਆਰ

ਅਮੁਲਾ *(ਅਮੁੱਲਾ)* **ਸਮਾਹਿ** *(ਸਮਾ ਹੇਂ)* ॥
ਅਣਮੋਲ ਸਮਾ ਜਾਂਦੇ ਹਨ

...ਅਣਮੋਲ ਹਨ (ਉਹ ਧਰਮ-ਸਾਧਕ ਜੋ ਸਾਹਿਬ ਦੇ) ਪ੍ਰੇਮ ਪਿਆਰ ਵਿਚ (ਜਿਊਂਦੇ ਹਨ, ਅਤੇ ਇਸੇ ਪ੍ਰੇਮ ਦੇ ਰੰਗ ਵਿਚ) ਅਭੇਦ ਹੋ ਜਾਂਦੇ ਹਨ।

ਅਮੁਲੁ *(ਅਮੁੱਲ)* **ਧਰਮੁ,** *(ਧਰਮ)*
ਅਣਮੋਲ ਈਸ਼ਵਰੀ ਵਿਧਾਨ

ਅਮੁਲੁ *(ਅਮੁੱਲ)* **ਦੀਬਾਣੁ** *(ਦੀਬਾਣ)* ॥
ਅਣਮੋਲ ਕਚਹਿਰੀ, ਦਰਬਾਰ

...(ਅਕਾਲ-ਪੁਰਖ ਜੀ ਦਾ) ਈਸ਼ਵਰੀ-ਵਿਧਾਨ ਵੀ ਅਣਮੋਲ ਹੈ ਅਤੇ (ਉਸਦੀ ਇਨਸਾਫ਼ ਕਰਨ ਵਾਲੀ) ਕਚਹਿਰੀ ਵੀ ਅਣਮੋਲ ਹੈ।...

ਅਮੁਲੁ *(ਅਮੁੱਲ)* **ਤੁਲੁ,** *(ਤੁੱਲ)*
ਅਣਮੋਲ ਤੱਕੜੀ,ਧਰਮ ਤੁਲਾ

ਅਮੁਲੁ *(ਅਮੁੱਲ)* **ਪਰਵਾਣੁ** *(ਪਰਵਾਣ)* ॥
ਅਣਮੋਲ ਪ੍ਰਮਾਣ, ਪੈਮਾਨਾ, ਵੱਟੇ

...(ਹੇ ਅਕਾਲ ਪੁਰਖ ਜੀਓ! ਆਪ ਜੀ ਦੀ) ਧਰਮ-ਤੁਲਾ ਅਤੇ (ਜੀਵਾਂ ਦੇ ਕਰਮਾਂ ਨੂੰ ਮਾਪਣ ਵਾਲੇ) ਵੱਟੇ ਵੀ ਅਣਮੋਲ ਹਨ।

(ਕਿਉਂਕਿ ਵਾਹਿਗੁਰੂ ਸੰਸਾਰ ਦੀਆਂ ਕਚਹਿਰੀਆਂ ਅਤੇ ਜੱਜਾਂ ਵਾਂਗ ਕੰਮ ਨਹੀਂ ਕਰਦਾ 'ਤੂੰ ਨਦਰੀ ਅੰਦਰ ਤੋਲਹਿ ਤੋਲ'...

ਅਮੁਲੁ *(ਅਮੁੱਲ)* **ਬਖਸੀਸ,** *(ਬਖਸ਼ੀਸ਼)*
ਅਣਮੋਲ ਬਖਸ਼ਿਸ਼ਾਂ

ਅਮੁਲੁ *(ਅਮੁੱਲ)* **ਨੀਸਾਣੁ** *(ਨੀਸ਼ਾਣ)* ॥
ਅਣਮੋਲ ਚਿਨ੍ਹ, ਪ੍ਰਭੂ ਕਿਰਪਾ ਦਾ ਨਿਸ਼ਾਨ

...(ਸਾਹਿਬ ਜੀ!) ਤੇਰੀਆਂ ਬਖਸ਼ਿਸ਼ਾਂ ਵੀ ਅਣਮੋਲ ਹਨ, ਅਤੇ (ਕਿਰਪਾਲਤਾ ਦੇ) ਚਿਨ੍ਹ ਵੀ ਅਣਮੋਲ ਹਨ।...

ਅਮੁਲੁ *(ਅਮੁੱਲ)* **ਕਰਮੁ,** *(ਕਰਮ)*
ਅਣਮੋਲ ਰਹਿਮਤ

ਅਮੁਲੁ *(ਅਮੁੱਲ)* **ਫੁਰਮਾਣੁ** *(ਫੁਰਮਾਣ)* ॥
ਅਣਮੋਲ ਹੁਕਮ

...(ਅਕਾਲ ਪੁਰਖ) ਦੀ ਰਹਿਮਤ ਵੀ ਅਣਮੋਲ ਹੈ, ਅਤੇ ਉਸਦਾ ਇਲਾਹੀ ਹੁਕਮ ਵੀ ਅਣਮੋਲ ਹੈ।...

ਅਮੁਲੋ *(ਅਮੁੱਲੋ)* **ਅਮੁਲੁ,** *(ਅਮੁੱਲ)*
ਅਣਮੋਲ ਤੋਂ ਵੀ ਅਣਮੋਲ

ਆਖਿਆ *(ਆ ਖਿਆ)* **ਨ** *(ਨਾਂ)* **ਜਾਇ** *(ਜਾ ਏ)* ॥
ਕਹਿਆ ਨਹੀਂ ਜਾ ਸਕਦਾ

...(ਕਰਤਾ ਪੁਰਖ ਜੀ) ਅਣਮੋਲ ਤੋਂ ਵੀ ਅਣਮੋਲ ਹਨ ਅਤੇ (ਉਨ੍ਹਾਂ

ਦੇ ਅਮੋਲਕ ਗੁਣਾਂ ਬਾਰੇ ਵਿਸਥਾਰ) ਭਾਵ ਵਰਨਣ ਨਹੀਂ ਕੀਤਾ ਜਾ ਸਕਦਾ)...

ਆਖਿ *(ਆਖ)* **ਆਖਿ,** *(ਆਖ)*
ਕਹਿਣ ਰਾਹੀਂ ਕਹਿਣ ਰਾਹੀਂ

ਰਹੇ **ਲਿਵ** **ਲਾਇ** *(ਲਾ ਏ)* ॥
ਹੋ ਗਏ ਧਿਆਨ ਲਾਕੇ

...(ਅਨੇਕ ਧਰਮ-ਸਾਧਕ ਪ੍ਰਭੂ ਦੇ ਗੁਣਾਂ ਨੂੰ) ਕਹਿ ਕਹਿ ਕੇ (ਪਰਮਾਤਮ) ਧਿਆਨ ਦੁਆਰਾ ਉਸ ਵਿਚ ਹੀ ਅਭੇਦ ਹੋ ਗਏ।...

ਆਖਹਿ, *(ਆਖੈਂ ਹ)* **ਵੇਦ**
ਕਹਿੰਦੇ ਹਨ (ਚਾਰੇ)ਵੇਦ

ਪਾਠ **ਪੁਰਾਣ** ॥
ਉਨ੍ਹਾਂ ਦਾ ਪਠਨ ਹਿੰਦੂ ਧਰਮ ਦੀਆਂ ਧਰਮ-ਪੁਸਤਕਾਂ

...(ਹੇ ਅਕਾਲ ਪੁਰਖ ਜੀ!) ਵੇਦ, ਪੁਰਾਣ ਅਤੇ ਉਨ੍ਹਾਂ ਦਾ ਪਠਨ-ਪਾਠਨ (ਤੇਰੀ ਅਮੋਲਕਤਾ ਦਾ) ਵਰਨਣ ਕਰਦੇ ਹਨ।...

ਆਖਹਿ, *(ਆਖੈਂ ਹ)* **ਪੜੇ** *(ਪੜ ਹੇ)*
ਵਰਨਣ ਕਰਦੇ ਹਨ ਪੜ੍ਹੇ ਹੋਏ,ਵਿਦਵਾਨ

ਕਰਹਿ *(ਕਰੈਂ ਹ)* **ਵਖਿਆਣ** *(ਵ ਖੇਆਣ)* ॥
ਕਰਦੇ ਹਨ ਕਥਾ, ਵਿਖਿਆਨ

...ਪੜ੍ਹੇ ਹੋਏ ਵਿਦਵਾਨ ਲੋਕ (ਪ੍ਰਭੂ ਦੀ ਅਮੋਲਕਤਾ) ਦਾ ਵਰਨਣ

ਕਰਦੇ ਹਨ, ਅਤੇ ਕਥਾ ਵਿਖਿਆਨ ਰਾਹੀਂ (ਉਸ ਅਮੁੱਲ ਦੀ ਵਿਆਖਿਆ) ਕਰਦੇ ਹਨ।...

ਆਖਹਿ, *(ਆਖੈਂ ਹ)* **ਬਰਮੇ,** *(ਬ੍ਰ ਹਮੇਂ)*
ਵਰਨਣ ਕਰਦੇ ਹਨ ਕਈ ਬ੍ਰਹਮਾ

ਆਖਹਿ *(ਆਖੈਂ ਹ)* **ਇੰਦ ॥**
ਵਰਨਣ ਕਰਦੇ ਹਨ ਕਈ ਇੰਦਰ

...ਕਈ ਬ੍ਰਹਮੇ ਅਤੇ ਇੰਦਰ ਦੇਵਤੇ (ਉਸਦੀ ਅਮੋਲਕਤਾ ਦਾ) ਵਰਨਣ ਕਰਦੇ ਹਨ।...

ਆਖਹਿ, *(ਆਖੈਂ ਹ)* **ਗੋਪੀ** *(ਗੋਪੀਂ)* **ਤੈ** **ਗੋਵਿੰਦ ॥**
ਵਰਨਣ ਕਰਦੇ ਹਨ ਗੋਪੀਆਂ(ਕ੍ਰਿਸ਼ਨ ਦੀਆਂ ਸਹੇਲੀਆਂ) ਅਤੇ ਕਾਨ੍ਹ, ਕ੍ਰਿਸ਼ਨ

...ਅਨੇਕਾਂ ਕ੍ਰਿਸ਼ਨ ਅਤੇ ਉਸਦੀਆਂ ਗੋਪੀਆਂ (ਸਾਹਿਬ ਦੀ ਅਮੋਲਕਤਾ ਦਾ) ਵਰਨਣ ਕਰਦੇ ਹਨ।...

ਆਖਹਿ, *(ਆਖੈਂ ਹ)* **ਈਸਰ,** *(ਈਸ਼ਰ)*
ਵਰਨਣ ਕਰਦੇ ਹਨ ਸ਼ਿਵ

ਆਖਹਿ, *(ਆਖੈਂ ਹ)* **ਸਿਧ ॥**
ਵਰਨਣ ਕਰਦੇ ਹਨ ਸਿੱਧ ਪੁਰਸ਼, ਰਿਧੀਆਂ ਸਿੱਧੀਆਂ ਵਾਲੇ ਪੁਰਸ਼

...ਅਨੇਕਾਂ ਹੀ ਸ਼ਿਵ ਅਤੇ ਸਿੱਧ-ਪੁਰਸ਼ (ਅਕਾਲ ਪੁਰਖ ਦੇ ਅਮੋਲਕ ਗੁਣਾਂ) ਦਾ ਵਰਨਣ ਕਰਦੇ ਹਨ।...

ਆਖਹਿ, *(ਆਖੈਂਹ)* **ਕੇਤੇ** **ਕੀਤੇ** **ਬੁਧ** *(ਬੁੱਧ)* ॥
ਵਰਨਣ ਕਰਦੇ ਹਨ ਕਈ ਕੀਤੇ ਹੋਏ ਮਹਾਤਮਾ ਬੁੱਧ

...(ਪ੍ਰਭੂ ਜੀ ਨੇ ਜੋ) ਅਨੇਕਾਂ ਬੁੱਧ ਪੈਦਾ ਕੀਤੇ ਹਨ, ਉਹ ਵੀ (ਪ੍ਰਭੂ ਦੀ ਅਮੋਲਕਤਾ ਦਾ) ਵਰਨਣ ਕਰਦੇ ਹਨ।...

ਆਖਹਿ, *(ਆਖੈਂਹ)* **ਦਾਨਵ,**
ਵਰਨਣ ਕਰਦੇ ਹਨ ਰਾਖਸ਼, ਦੈਂਤ

ਆਖਹਿ, *(ਆਖੈਂਹ)* **ਦੇਵ** ॥
ਵਰਨਣ ਕਰਦੇ ਹਨ ਦੇਵਤੇ

...ਦੈਂਤ ਅਤੇ ਦੇਵਤੇ ਵੀ (ਅਕਾਲ ਪੁਰਖ ਦੀ ਅਮੋਲਕਤਾ ਦਾ) ਵਰਨਣ ਕਰਦੇ ਹਨ।...

ਆਖਹਿ, *(ਆਖੈਂਹ)* **ਸੁਰਿ ਨਰ** *(ਸੁਰਨਰ)*
ਵਰਨਣ ਕਰਦੇ ਹਨ ਦੇਵਤਿਆਂ ਵਰਗੇ ਮਨੁੱਖ

ਮੁਨਿ ਜਨ *(ਮੁਨਜਨ)* **ਸੇਵ** ॥
ਮੁਨੀ ਜਨ, ਰਿਸ਼ੀ ਲੋਕ ਸੇਵਕ

...ਦੇਵਤੇ ਮਨੁੱਖ, ਰਿਸ਼ੀ-ਲੋਕ ਅਤੇ ਸੇਵਕ-ਜਨ ਸਭ (ਪ੍ਰਭੂ ਦੀ ਅਮੋਲਕਤਾ ਦਾ) ਵਰਨਣ ਕਰ ਰਹੇ ਹਨ।

ਕੇਤੇ **ਆਖਹਿ,** *(ਆਖੈਂਹ)*
ਕਿਤਨੇ ਹੀ ਵਰਨਣ ਕਰਦੇ ਹਨ

ਆਖਣਿ *(ਆਖਣ)* **ਪਾਹਿ** *(ਪਾ ਹੈਂ)* ॥
ਆਖਣ ਰਾਹੀਂ ਲਗਣਾ, ਤਤਪਰ ਹੋਣਾ, ਯਤਨਸ਼ੀਲ ਹੋਣਾ

...ਕਿਤਨੇ ਹੀ (ਪ੍ਰਭੂ ਦੀ ਅਮੋਲਕਤਾ ਦਾ) ਵਰਨਣ ਕਰ ਰਹੇ ਹਨ ਅਤੇ ਕਿਤਨੇ ਹੀ ਵਰਨਣ ਕਰਨ ਲਈ ਯਤਨਸ਼ੀਲ ਹਨ।...

ਕੇਤੇ **ਕਹਿ** *(ਕੈ ਹ)* **ਕਹਿ,** *(ਕੈ ਹ)*
ਕਿਤਨੇ ਹੀ *ਆਖ ਆਖ ਕੇ*

ਉਠਿ *(ਉੱਠ)* **ਉਠਿ** *(ਉੱਠ)* **ਜਾਹਿ** *(ਜਾ ਹੈਂ)* ॥
ਸੰਸਾਰ ਤੋਂ ਉਠ ਉਠ ਕੇ ਜਾ ਰਹੇ ਹਨ

...ਕਿਤਨੇ ਹੀ (ਪ੍ਰਭੂ ਦੀ ਅਮੋਲਕਤਾ ਨੂੰ) ਕਹਿ ਕਹਿ ਕੇ ਭਾਵ ਦੱਸ ਦੱਸ ਕੇ ਇਸ ਸੰਸਾਰ ਤੋਂ ਉਠ ਉਠ ਕੇ ਚਲੇ ਜਾ ਰਹੇ ਹਨ।...

ਏਤੇ **ਕੀਤੇ,**
ਇਤਨੇ ਬਣਾਏ, ਪੈਦਾ ਕੀਤੇ

ਹੋਰਿ *(ਹੋਰ)* **ਕਰੇਹਿ** *(ਕਰੇਂਹ)* ॥
(ਇਤਨੇ ਹੀ)ਹੋਰ ਤੂੰ ਪੈਦਾ ਕਰ ਦੇਵੇਂ

...(ਹੇ ਅਕਾਲ ਪੁਰਖ ਜੀ!) ਇਹ ਜਿਤਨੇ (ਜੀਵ ਤੂੰ) ਪੈਦਾ ਕੀਤੇ ਹੋਏ ਹਨ (ਜੇ) ਇਤਨੇ ਹੀ ਹੋਰ ਪੈਦਾ ਕਰ ਦੇਵੇਂ...

ਤਾ *(ਤਾਂ)* **ਆਖਿ** *(ਆਖ)* **ਨ** *(ਨਾਂ)* **ਸਕਹਿ,** *(ਸਕੈਂ ਹ)*
ਤਾਂ ਵੀ ਕਹਿ ਨਹੀਂ ਸਕਦੇ

ਕੇਈ **ਕੇਇ** *(ਕੇ ਅ)* ॥
ਕੋਈ ਕੋਈ (ਮਨੁੱਖ ਵੀ)

...ਤਾਂ ਵੀ (ਉਨ੍ਹਾਂ ਵਿਚੋਂ) ਕੋਈ ਜੀਵ (ਵੀ ਤੇਰੀ ਅਮੋਲਕਤਾ ਦੇ ਅੰਦਾਜ਼ੇ ਬਾਰੇ) ਆਖ਼ ਨਹੀਂ ਸਕਦੇ।...

ਜੇਵਡੁ *(ਜੇਵਡ)* **ਭਾਵੈ,**
ਜਿੱਡਾ ਵੱਡਾ ਚਾਹਵੇ, ਚੰਗਾ ਲਗੇ

ਤੇਵਡੁ *(ਤੇਵਡ)* **ਹੋਇ** *(ਹੋ ਏ)* ॥
ਉਤਨਾ ਵੱਡਾ ਹੋ ਜਾਂਦਾ ਹੈ

...(ਉਹ ਅਕਾਲ ਪੁਰਖ ਵਾਹਿਗੁਰੂ) ਜਿਤਨਾ ਵੱਡਾ ਹੋਣਾ ਚਾਹੇ (ਭਾਵ ਆਪਣੀ ਰਚਨਾ ਦਾ ਵਿਸਥਾਰ ਕਰਾਨਾ ਚਾਹੇ) ਉਤਨਾ ਵੱਡਾ ਹੋ ਜਾਂਦਾ ਹੈ।...

ਨਾਨਕ, **ਜਾਣੈ** *(ਜਾਣੈਂ)* **ਸਾਚਾ** **ਸੋਇ** *(ਸੋ ਏ)* ॥
ਹੇ ਨਾਨਕ! ਜਾਣਦਾ ਹੈ ਸੱਚਾ, ਸਦਾ ਸਥਿਰ ਉਹ (ਅਕਾਲ ਪੁਰਖ)

...ਹੇ ਨਾਨਕ! ਉਹ ਸਦੀਵ-ਸੱਤ ਪਰਮਾਤਮਾ (ਆਪਣੀ ਮਹਾਨਤਾ ਨੂੰ) ਆਪ ਹੀ ਜਾਣਦਾ ਹੈ...

ਜੇ **ਕੋ** **ਆਖੈ** **ਬੋਲੁ ਵਿਗਾੜੁ** *(ਬੋਲਵਿਗਾੜ)* ॥
ਜੇਕਰ ਕੋਈ ਕਹੇ ਮੂੰਹ ਫੱਟ, ਬੜਬੋਲਾ, ਵਿਗੜੇ ਹੋਏ ਬੋਲ ਕਹਿਣ ਵਾਲਾ

...ਜੇਕਰ ਕੋਈ ਬੜਬੋਲਾ (ਪਰਮਾਤਮਾ ਦੀ ਅਮੋਲਕਤਾ ਨੂੰ ਜਾਣ ਲੈਣ

ਬਾਰੇ ਆਪਣਾ ਦਾਅਵਾ) ਕਹੇ...

ਤਾ *(ਤਾਂ)* **ਲਿਖੀਐ,**
ਤਾਂ ਲਿਖਿਆ ਜਾਂਦਾ ਹੈ

ਸਿਰਿ *(ਸਿਰ)* **ਗਾਵਾਰਾ** *(ਗਾਵਾਰਾਂ)* **ਗਾਵਾਰੁ** *(ਗਾਵਾਰ)* **॥੨੬॥**
ਸਿਰ ਉੱਤੇ ਅਗਿਆਨੀਆਂ ਤੋਂ ਵੀ ਅਗਿਆਨੀ

...ਤਾਂ ਉਸਨੂੰ ਅਗਿਆਨੀਆਂ ਸਿਰ ਅਗਿਆਨੀ ਭਾਵ ਮੂਰਖਾਂ ਤੋਂ ਵੀ ਮਹਾਂ-ਮੂਰਖ ਲਿਖਿਆ ਜਾਂਦਾ ਹੈ।

ਸੋ **ਦਰੁ** *(ਦਰ)* **ਕੇਹਾ,**
ਉਹ ਦੁਆਰ,ਦਰਬਾਰ ਕਿਹੋ ਜਿਹਾ

ਸੋ **ਘਰੁ** *(ਘਰ)* **ਕੇਹਾ,**
ਉਹ ਘਰ,ਨਿਵਾਸ ਕਿਹੋ ਜਿਹਾ

ਜਿਤੁ *(ਜਿਤ)* **ਬਹਿ** *(ਬੈ ਹ)* **ਸਰਬ** **ਸਮਾਲੇ** *(ਸਮ ਹਾਲੇਂ)* **॥**
ਜਿਥੇ ਬੈਠ ਕੇ ਸਾਰਿਆਂ ਸੰਭਾਲਦਾ ਹੈ

ਉਹ ਦੁਆਰ ਅਤੇ ਘਰ ਕਿਹੋ ਜਿਹਾ (ਸੁੰਦਰ) ਹੈ ਜਿਥੇ ਬੈਠ ਕੇ (ਸਾਹਿਬ ਜੀ ਤੁਸੀਂ) ਸਾਰਿਆਂ ਨੂੰ ਸੰਭਾਲਦੇ ਹੋ...

ਵਾਜੇ **ਨਾਦ** **ਅਨੇਕ** **ਅਸੰਖਾ,** *(ਅਸੰਖਾਂ)*
ਸੰਗੀਤਕ ਸਾਜ਼ ਧੁਨੀਆਂ ਅਨੇਕਾਂ ਹੀ ਅਸੰਖਾਂ ਹੀ

ਕੇਤੇ **ਵਾਵਣਹਾਰੇ ॥**
ਕਿਤਨੇ ਹੀ ਵਜਾਉਣ ਵਾਲੇ

...(ਸੋ ਦਰ ਤੇ) ਅਨੇਕਾਂ ਸੰਗੀਤਕ ਸਾਜ਼ਾਂ ਰਾਹੀਂ ਬੇਅੰਤ ਹੀ ਧੁਨੀਆਂ ਵੱਜ ਰਹੀਆਂ ਹਨ, ਅਤੇ ਉਨ੍ਹਾਂ ਧੁਨੀਆਂ ਨੂੰ ਵਜਾਉਣ ਵਾਲੇ ਅਨੇਕਾਂ ਹੀ ਸੰਗੀਤਕਾਰ ਹਨ।...

ਕੇਤੇ **ਰਾਗ** **ਪਰੀ** *(ਪਰੀਂ)*
ਕਿਤਨੇ ਹੀ ਸੁਰ-ਪ੍ਰਬੰਧ ਪਰੀਆਂ, ਰਾਗਣੀਆਂ

ਸਿਉ *(ਸਿਉਂ)* **ਕਹੀਅਨਿ,** *(ਕਹੀਅਨ)*
ਸਮੇਤ ਕਹਿੰਦੇ ਹਨ, ਗਾਂਦੇ ਹਨ

ਕੇਤੇ **ਗਾਵਣਹਾਰੇ ॥**
ਕਿਤਨੇ ਹੀ ਗਾਉਣ ਵਾਲੇ, ਸੰਗੀਤਕਾਰ

...(ਸੋਦਰ ਤੇ) ਕਿਤਨੇ ਹੀ ਸੰਗੀਤਕਾਰ ਰਾਗਾਂ ਨੂੰ ਰਾਗਣੀਆਂ ਸਮੇਤ ਗਾ ਰਹੇ ਹਨ।...

ਗਾਵਹਿ *(ਗਾਵੈਂ ਹ)* **ਤੁਹਨੋ** *(ਤੈਹਨੋਂ)*
ਗਾ ਰਹੇ ਹਨ ਤੈਨੂੰ

ਪਉਣੁ *(ਪ ਓਣ)* **ਪਾਣੀ** *(ਪਾਣੀਂ)* **ਬੈਸੰਤਰੁ,** *(ਬੈਸੰਤਰ)*
ਹਵਾ ਜਲ ਅਗਨੀ

ਗਾਵੈ **ਰਾਜਾ ਧਰਮੁ,** *(ਧਰਮ)* **ਦੁਆਰੇ** *(ਦੋਆਰੇ)* **॥**
ਗਾ ਰਿਹੈ ਯਮਰਾਜ, ਮੌਤ ਦਾ ਲੇਖਾ ਰੱਖਣ ਵਾਲਾ ਦੁਆਰ ਉਤੇ

...ਸੋ ਦਰ ਭਾਵ (ਸਾਹਿਬ) ਦੇ ਦੁਆਰ ਤੇ ਹਵਾ ਪਾਣੀ, ਅਗਨੀ ਸਭ (ਸਾਹਿਬ ਜੀ ਦਾ) ਗਾਇਨ ਕਰ ਰਹੇ ਹਨ। ਧਰਮ ਰਾਜ ਵੀ ਸੋ ਦਰੁ

ਤੇ (ਸਾਹਿਬ ਨੂੰ) ਗਾ ਰਿਹਾ ਹੈ।

ਗਾਵਹਿ *(ਗਾਵੈਂ ਹ)* **ਚਿਤੁ ਗੁਪਤੁ,** *(ਚਿੱਤ ਗੁਪਤ)*
ਗਾ ਰਹੇ ਹਨ ਚਿੱਤਰ ਗੁਪਤ, ਜੀਵਾਂ ਦੇ ਕਰਮਾਂ ਦਾ ਲੇਖਾ ਜੋਖਾ ਰਖਣ ਵਾਲੇ ਧਰਮ ਰਾਜ ਦੇ ਗੁਪਤ ਦੂਤ

ਲਿਖਿ *(ਲਿਖ)* **ਜਾਣਹਿ,** *(ਜਾਣੈਂ ਹ)* **ਲਿਖਿ** *(ਲਿਖ)* **ਲਿਖਿ** *(ਲਿਖ)*
ਲਿਖਣਾ ਜਾਣਦੇ ਹਨ *ਲਿਖਿਆ ਹੋਇਆ*

ਧਰਮੁ, *(ਧਰਮ)* **ਵੀਚਾਰੇ ॥**
ਧਰਮ ਰਾਜ ਵੀਚਾਰਦਾ ਹੈ

...ਧਰਮ ਰਾਜ ਦੇ ਦੂਤ ਚਿੱਤਰ ਗੁਪਤ, ਜੋ ਜੀਵਾਂ ਦੇ ਕਰਮਾਂ ਦਾ ਲੇਖਾ ਲਿਖਣਾ ਜਾਣਦੇ ਹਨ, ਅਤੇ ਉਨ੍ਹਾਂ ਦਾ ਲਿਖਿਆ ਲੇਖਾ ਧਰਮ ਰਾਜ ਵਿਚਾਰਦਾ ਹੈ, ਉਹ ਚਿੱਤਰ ਗੁਪਤ ਵੀ (ਸੋ ਦਰ ਤੇ) ਤੇਰਾ ਜਸ ਗਾਇਨ ਕਰ ਰਹੇ ਹਨ।...

ਗਾਵਹਿ *(ਗਾਵੈਂ ਹ)* **ਈਸਰੁ** *(ਈਸ਼ਰ)* **ਬਰਮਾ** *(ਬ੍ਰ ਹਮਾਂ)* **ਦੇਵੀ,**
ਗਾ ਰਹੇ ਹਨ ਸ਼ਿਵ ਬ੍ਰਹਮਾ ਦੇਵੀ ਦੇਵਤੇ

ਸੋਹਨਿ *(ਸੋਹਨ)* **ਸਦਾ ਸਵਾਰੇ ॥**
ਸੁਹਣੇ ਲਗਦੇ ਹਨ ਹਮੇਸ਼ਾਂ ਤੇਰੇ ਸਾਜੇ ਸਵਾਰੇ ਹੋਏ

...(ਸੋ ਦਰ ਤੇ) ਤੇਰੇ ਸਾਜੇ ਸਵਾਰੇ ਸ਼ਿਵ, ਬ੍ਰਹਮਾ ਅਤੇ ਦੇਵੀ ਦੇਵਤੇ, ਤੇਰਾ ਜਸ ਗਾਇਨ ਕਰਦੇ ਹੋਏ ਸੁੰਦਰ ਲਗ ਰਹੇ ਹਨ।...

ਗਾਵਹਿ *(ਗਾਵੈਂ ਹ)* **ਇੰਦ,** **ਇਦਾਸਣਿ** *(ਇੰਦਾਸਣ)* **ਬੈਠੇ,**
ਗਾ ਰਹੇ ਹਨ ਇੰਦਰ ਦੇਵਤੇ ਇੰਦਰ ਦੇ ਆਸਣ ਤੇ ਬੈਠਕੇ

ਦੇਵਤਿਆ *(ਦੇਵ ਤੇਆਂ)* **ਦਰਿ** *(ਦਰ)* **ਨਾਲੇ ॥**
ਦੇਵਤਿਆਂ ਦਰ ਉਤੇ ਨਾਲ

...ਇੰਦ੍ਰਾਸਣ ਉਤੇ ਬੈਠੇ ਅਨੇਕਾਂ ਇੰਦਰ ਦੇਵਤੇ, ਦੇਵਤਿਆਂ ਸਮੇਤ (ਅਕਾਲ-ਪੁਰਖ ਦੇ) ਦਰ ਉਤੇ ਉਸਦਾ ਜਸ ਗਾਇਨ ਕਰ ਰਹੇ ਹਨ।...

ਗਾਵਹਿ *(ਗਾਵੈਂ ਹ)* **ਸਿਧ**
ਗਾ ਰਹੇ ਹਨ (ਰਿਧੀਆਂ ਸਿੱਧੀਆਂ ਪ੍ਰਾਪਤ) ਸੰਤ

ਸਮਾਧੀ ਅੰਦਰਿ, *(ਅੰਦਰ)*
ਧਿਆਨ ਵਿਚ

ਗਾਵਨਿ *(ਗਾਵਨ)* **ਸਾਧ ਵਿਚਾਰੇ ॥**
ਗਾ ਰਹੇ ਹਨ ਸਾਧੂ ਵਿਚਾਰ ਕੇ

...ਅਨੇਕਾਂ ਹੀ (ਰਿਧੀਆਂ ਸਿਧੀਆਂ ਪ੍ਰਾਪਤ) ਸਿੱਧ-ਪੁਰਸ਼ ਸਮਾਧੀ ਅੰਦਰ ਲਿਵਲੀਨ, ਅਤੇ ਅਨੇਕਾਂ ਹੀ ਸਾਧੂ (ਸੋਦਰੁ ਤੇ) ਵਿਚਾਰ ਵਿਚਾਰ ਕੇ ਤੇਰਾ ਜਸ ਗਾਇਨ ਕਰ ਰਹੇ ਹਨ।

ਗਾਵਨਿ *(ਗਾਵਨ)* **ਜਤੀ ਸਤੀ ਸੰਤੋਖੀ,**
ਗਾਉਂਦੇ ਹਨ ਇੰਦ੍ਰੀਆਂ ਨੂੰ ਕਾਬੂ ਵਿਚ ਰਖਣ ਵਾਲਾ ਦਾਨੀ ਸਬਰ ਵਾਲਾ

ਗਾਵਹਿ *(ਗਾਵੈਂ ਹ)* **ਵੀਰ ਕਰਾਰੇ ॥**
ਗਾ ਰਹੇ ਹਨ ਯੋਧੇ ਤਕੜੇ

...ਜਤੀ, ਦਾਨੀ ਅਤੇ ਸਬਰ ਸੰਤੋਖ ਵਾਲੇ ਸਭ (ਸੋਦਰ ਤੇ ਅਕਾਲ

ਪੁਰਖ ਨੂੰ) ਗਾ ਰਹੇ ਹਨ। ਮਹਾਂ ਸੂਰਬੀਰ ਯੋਧੇ ਵੀ ਤੇਰਾ ਜਸ ਗਾਇਨ ਕਰ ਰਹੇ ਹਨ।...

ਗਾਵਨਿ *(ਗਾਵਨ)* **ਪੰਡਿਤ,**
ਗਾਉਂਦੇ ਹਨ ਵਿਦਵਾਨ

ਪੜਨਿ *(ਪੜ੍ਹਨ)* **ਰਖੀਸਰ,** *(ਰਖੀਸ਼ਰ)*
ਪੜ੍ਹਦੇ ਹਨ ਰਿਖੀ-ਈਸ਼ਰ(ਮਹਾਂ-ਰਿਸ਼ੀ)

ਜੁਗੁ ਜੁਗੁ *(ਜੁਗ ਜੁਗ)* **ਵੇਦਾ** *(ਵੇਦਾਂ)* **ਨਾਲੇ** ॥
ਜੁਗਾਂ ਜੁਗਾਂ ਤੋਂ, ਵੇਦਾਂ ਨੂੰ, ਸਣੇ, ਨਾਲ
ਸਦਾ ਤੋਂ ਧਰਮ ਪੁਸਤਕਾਂ ਨੂੰ

...ਵਿਦਵਾਨ ਪੁਰਸ਼ ਅਤੇ ਮਹਾਂ-ਰਿਸ਼ੀ, ਜੁਗਾਂ ਜੁਗਾਂ ਤੋਂ ਵੇਦਾਂ ਦਾ ਪਠਨ-ਪਾਠਨ ਕਰਦੇ ਹੋਏ ਤੇਰਾ ਜਸ ਗਾਇਨ ਕਰ ਰਹੇ ਹਨ।...

ਗਾਵਹਿ *(ਗਾਵੈਂ ਹ)* **ਮੋਹਣੀਆ** *(ਮੋਹਣੀਆਂ)*
ਗਾ ਰਹੇ ਹਨ ਸੁੰਦਰ ਇਸਤ੍ਰੀਆਂ

ਮਨੁ *(ਮਨ)* **ਮੋਹਨਿ** *(ਮੋਹਨ)*
ਮਨ, ਹਿਰਦਾ ਮੋਹਣ ਵਾਲੀਆਂ

ਸੁਰਗਾ *(ਸੁਰਗਾਂ)* **ਮਛ** *(ਮੱਛ)* **ਪਇਆਲੇ** *(ਪ ਇਆਲੇ)* ॥
ਸੁਰਗਾਂ ਵਿਚ ਮਾਤ ਲੋਕ ਵਿਚ ਪਾਤਾਲ ਲੋਕ ਵਿਚ

...ਸੁੰਦਰ ਇਸਤ੍ਰੀਆਂ ਜੋ ਸਵਰਗਾਂ ਵਿਚ, ਮਾਤ ਲੋਕ ਵਿਚ ਅਤੇ ਪਤਾਲ ਲੋਕ ਵਿਚ ਮਨ ਨੂੰ ਮੋਹ ਲੈਂਦੀਆਂ ਹਨ, ਸਭ (ਸੋ ਦਰ ਤੇ) ਤੇਰਾ ਹੀ ਜੱਸ ਗਾਇਨ ਕਰ ਰਹੀਆਂ ਹਨ।...

ਗਾਵਨਿ *(ਗਾਵਨ)*	**ਰਤਨ**
ਗਾਉਂਦੇ ਹਨ	ਚੌਦਾਂ ਰਤਨ ਜੋ ਸਮੁੰਦਰ ਨੂੰ ਰਿੜਕਣ ਤੋਂ ਪੈਦਾ ਹੋਏ ਸਨ

ਉਪਾਏ	**ਤੇਰੇ,**
ਪੈਦਾ ਕੀਤੇ ਹੋਏ	ਤੁਹਾਡੇ

ਅਠਸਠਿ *(ਅਠਸਠ)*	**ਤੀਰਥ**	**ਨਾਲੇ ॥**
ਅਠ+ਸੱਠ=ਅਠਾਹਠ	ਧਰਮ ਅਸਥਾਨ	ਸਣੇ ਨਾਲ

...ਤੇਰੇ ਪੈਦਾ ਕੀਤੇ ਹੋਏ ਚੌਦਾਂ ਰਤਨ, ਅਠਾਹਠ ਤੀਰਥਾਂ ਸਮੇਤ, ਸਭ ਲੋਕ (ਸੋ ਦਰ ਤੇ) ਤੈਨੂੰ ਗਾਉਂਦੇ ਹਨ।...

ਗਾਵਹਿ *(ਗਾਵੈਂ ਹ)*	**ਜੋਧ**	**ਮਹਾਬਲ** *(ਮਹਾਂਬਲ)*	**ਸੂਰਾ,**
ਗਾ ਰਹੇ ਹਨ	ਯੋਧੇ	ਵੱਡੀ ਤਾਕਤ ਵਾਲੇ	ਬਹਾਦਰ

ਗਾਵਹਿ *(ਗਾਵੈਂ ਹ)*	**ਖਾਣੀ** *(ਖਾਣੀਂ)*	**ਚਾਰੇ ॥**
ਗਾ ਰਹੀਆਂ ਹਨ	ਖਾਣੀਆਂ(ਅੰਡਜ, ਜੇਰਜ, ਸੇਤਜ, ਉਤਭੁਜ)	ਚਾਰ ਹੀ

...ਮਹਾਂਬਲੀ ਯੋਧੇ, ਸੂਰਬੀਰ, ਬਹਾਦਰ ਅਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਸਭ (ਤੇਰੇ ਦਰ ਤੇ ਤੇਰਾ ਜਸ) ਗਾਇਨ ਕਰ ਰਹੇ ਹਨ।...

ਗਾਵਹਿ *(ਗਾਵੈਂ ਹ)*	**ਖੰਡ**
ਗਾ ਰਹੇ ਹਨ	ਨੌ ਖੰਡ, ਧਰਤੀ ਦੇ ਨੌਂ ਖਿੱਤੇ

ਮੰਡਲ **ਵਰਭੰਡਾ,**
ਇਕ ਭੂਗੋਲਿਕ ਇਕਾਈ ਸਾਰੀ ਸ੍ਰਿਸ਼ਟੀ, ਬ੍ਰਹਿਮੰਡ

ਕਰਿ *(ਕਰ)* **ਕਰਿ** *(ਕਰ)* **ਰਖੇ** **ਧਾਰੇ** ॥
ਬਣਾ ਬਣਾ ਕੇ ਰੱਖਿਆ ਟਿਕਾ ਕੇ, ਸੁਤ੍ਰਿਤ ਕਰਕੇ

...(ਕਰਤਾ-ਪੁਰਖ ਦੇ) ਸਿਰਜੇ ਹੋਏ ਸਾਰੇ ਖੰਡ, ਮੰਡਲ ਅਤੇ ਬ੍ਰਹਿਮੰਡ ਜਿਨ੍ਹਾਂ ਨੂੰ ਉਸ ਨੇ ਟਿਕਾ ਕੇ ਰੱਖਿਆ ਹੋਇਆ ਹੈ, (ਸਭ ਪ੍ਰਭੂ-ਜਸ) ਗਾਇਨ ਕਰ ਰਹੇ ਹਨ।...

ਸੇਈ **ਤੁਧੁਨੋ** *(ਤੁਧਨੋਂ)* **ਗਾਵਹਿ,** *(ਗਾਵੈਂ ਹ)*
ਉਹੋ ਹੀ ਤੈਨੂੰ ਗਾਉਂਦੇ ਹਨ

ਜੋ **ਤੁਧੁ** *(ਤੁਧ)* **ਭਾਵਨਿ,** *(ਭਾਵਨ)*
ਜਿਹੜੇ ਤੈਨੂੰ ਚੰਗੇ ਲਗਦੇ ਹਨ

ਰਤੇ *(ਰੱਤੇ)* **ਤੇਰੇ** **ਭਗਤ** **ਰਸਾਲੇ** ॥
ਰੰਗੇ ਹੋਏ ਤੁਹਾਡੇ ਭਜਨ ਕਰਨ ਵਾਲੇ ਰਸੀਏ, ਰਸ ਭਰਪੂਰ

...ਜੋ ਤੈਨੂੰ ਭਾਉਂਦੇ ਹਨ, ਉਹੀ ਭਗਤ ਜਨ ਰਸੀਏ, ਤੇਰੇ ਪਿਆਰ ਰੰਗ ਵਿਚ ਰੰਗੇ ਹੋਏ (ਸੋਦਰੁ ਤੇ ਤੇਰਾ ਜਸ) ਗਾਇਨ ਕਰ ਰਹੇ ਹਨ।...

ਹੋਰਿ *(ਹੋਰ)* **ਕੇਤੇ** **ਗਾਵਨਿ,** *(ਗਾਵਨ)*
ਹੋਰ ਕਿਤਨੇ ਗਾਉਂਦੇ ਹਨ

ਸੇ **ਮੈ** *(ਮੈਂ)* **ਚਿਤਿ,** *(ਚਿੱਤ)*
ਉਹ ਮੈਨੂੰ ਚੇਤ ਵਿਚ, ਯਾਦ ਵਿਚ

ਨ *(ਨਾਂ)* **ਆਵਨਿ,** *(ਆਵਨ)*
ਨਹੀਂ ਆਉਂਦੇ

ਨਾਨਕੁ *(ਨਾਨਕ)* **ਕਿਆ** *(ਕੈਆ)* **ਵੀਚਾਰੇ ॥**
(ਸਤਿਗੁਰੂ)ਨਾਨਕ ਕੀ ਵੀਚਾਰ ਕਰੇ

...ਹੋਰ ਕਿਤਨੇ ਹੀ ਜੀਵ ਤੇਰਾ ਜਸ ਗਾਇਨ ਕਰ ਰਹੇ ਹਨ, ਜੋ ਮੇਰੇ ਚੇਤੇ ਵਿਚ ਨਹੀਂ ਆ ਰਹੇ, ਨਾਨਕ ਇਨ੍ਹਾਂ (ਗਿਣਤੀਆਂ ਆਦਿ) ਬਾਰੇ ਕੀ ਵਿਚਾਰ ਕਰ ਸਕਦਾ ਹੈ।...

ਸੋਈ ਸੋਈ, ਸਦਾ ਸਚੁ, *(ਸੱਚ)*
ਉਹ ਉਹ ਹਮੇਸ਼ਾਂ ਸੱਚ, ਸਦਾ ਸਥਿਰ

ਸਾਹਿਬੁ *(ਸਾਹੈਬ)* **ਸਾਚਾ, ਸਾਚੀ ਨਾਈ ॥**
ਅਕਾਲ ਪੁਰਖ ਸੱਚਾ, ਸੱਤ ਸਰੂਪ ਸੱਚੀ ਵਡਿਆਈ

...ਉਹ ਸੱਤ ਸਰੂਪ ਸਾਹਿਬ ਹੀ, ਸਦੀਵ ਕਾਲ ਸਥਿਰ ਰਹਿਣ ਵਾਲਾ ਹੈ, ਅਤੇ ਉਸਦੀ ਵਡਿਆਈ ਵੀ ਸੱਤ ਹੈ।...

ਹੈ ਭੀ ਹੋਸੀ,
ਵਰਤਮਾਨ ਵਿਚ ਹੈ, ਹੁਣ ਹੈ ਭਵਿੱਖ ਵਿਚ ਵੀ ਹੋਵੇਗਾ

ਜਾਇ *(ਜਾਏ)* **ਨ** *(ਨਾਂ)* **ਜਾਸੀ,**
ਜੰਮਦਾ ਨਹੀਂ ਮਰੇਗਾ

ਰਚਨਾ *(ਰਚਨਾਂ)* **ਜਿਨਿ** *(ਜਿਨ)* **ਰਚਾਈ ॥**
ਸ੍ਰਿਸ਼ਟੀ, ਬ੍ਰਹਿਮੰਡ ਜਿਸਨੇ ਰਚਿਆ ਹੈ

...ਜਿਸ ਕਰਤਾ ਪੁਰਖ ਨੇ ਬ੍ਰਹਿਮੰਡੀ ਰਚਨਾ ਰਚੀ ਹੈ, ਉਸਦੀ ਹੋਂਦ ਹੁਣ ਵੀ ਹੈ ਅਤੇ ਭਵਿੱਖ ਵਿਚ ਵੀ ਹੋਵੇਗੀ। ਉਹ ਨਾ ਕਦੀ ਪੈਦਾ ਹੋਇਆ ਹੈ ਅਤੇ ਨਾ ਹੀ ਕਦੀ ਮਰੇਗਾ।...

ਰੰਗੀ *(ਰੰਗੀਂ)* **ਰੰਗੀ** *(ਰੰਗੀਂ)* **ਭਾਤੀ,** *(ਭਾਂਤੀਂ)*
ਰੰਗਾਂ ਰੰਗਾ ਦੀ, (ਰੰਗ ਬਰੰਗੀ) ਕਿਸਮਾਂ ਦੀ

ਕਰਿ *(ਕਰ)* **ਕਰਿ,** *(ਕਰ)* **ਜਿਨਸੀ,** *(ਜਿਨਸੀਂ)*
ਬਣਾ ਬਣਾ ਕੇ ਕਈ ਜਿਣਸਾਂ, ਜਾਤੀਆਂ, ਸ਼੍ਰੇਣੀਆਂ

ਮਾਇਆ *(ਮਾਯਆ)* **ਜਿਨਿ** *(ਜਿਨ)* **ਉਪਾਈ** ॥
ਸ੍ਰਿਸ਼ਟੀ, ਸੰਸਾਰ ਦੀ ਖੇਡ ਜਿਸਨੇ ਪੈਦਾ ਕੀਤੀ

...ਜਿਸ ਕਰਤਾ ਪੁਰਖ ਨੇ ਕਈ ਕਿਸਮਾਂ, ਕਈ ਨਸਲਾਂ ਅਤੇ ਸ਼੍ਰੇਣੀਆਂ ਦੀ ਰੰਗ-ਬਰੰਗੀ ਸੰਸਾਰ ਦੀ ਖੇਡ ਬਣਾਕੇ, ਉਤਪੰਨ ਕੀਤੀ ਹੈ।...

ਕਰਿ *(ਕਰ)* **ਕਰਿ** *(ਕਰ)* **ਵੇਖੈ,**
ਬਣਾ ਬਣਾ ਕੇ ਵੇਖਦਾ ਹੈ, (ਭਾਵ ਰਚਕੇ) ਸੰਭਾਲਦਾ ਹੈ

ਕੀਤਾ **ਆਪਣਾ,** *(ਆਪਣਾਂ)*
ਕੀਤੇ ਹੋਏ ਨੂੰ ਆਪਣੇ

ਜਿਵ **ਤਿਸਦੀ** **ਵਡਿਆਈ** *(ਵਡਿਆਈ)* ॥
ਜਿਵੇਂ ਉਸਦੀ ਬਿਰਦ, ਵਡੱਪਣ

...(ਕਰਤਾ-ਪੁਰਖ ਜੀ ਆਪਣੀ ਰਚਨਾ ਨੂੰ) ਰਚਕੇ ਆਪਣੇ ਵੱਡੇ ਹੋਣ ਦੇ ਬਿਰਦ ਅਨੁਸਾਰ, ਉਸ ਸਾਜੀ ਹੋਈ ਰਚਨਾ ਦੀ ਸਾਂਭ

ਸੰਭਾਲ ਕਰਦੇ ਹਨ।...

ਜੋ **ਤਿਸੁ** *(ਤਿਸ)* **ਭਾਵੈ,**
ਜਿਹੜੀ ਗਲ ਵੀ ਉਸਨੂੰ ਚੰਗੀ ਲਗਦੀ ਹੈ

ਸੋਈ **ਕਰਸੀ,**
ਉਹੋ ਹੀ ਕਰੇਗਾ

ਹੁਕਮੁ *(ਹੁਕਮ)* **ਨ** *(ਨਾਂ)* **ਕਰਣਾ** *(ਕਰਣਾਂ)* **ਜਾਈ ॥**
ਆਦੇਸ਼ ਨਹੀਂ ਕੀਤਾ ਜਾ ਸਕਦਾ

...ਉਸ ਨੂੰ ਜੋ ਚੰਗਾ ਲਗੇਗਾ ਉਹ ਉਹੋ ਹੀ ਕਰੇਗਾ, (ਸਾਹਿਬ ਨੂੰ) ਹੁਕਮ ਨਹੀਂ ਕੀਤਾ ਜਾ ਸਕਦਾ।...

ਸੋ **ਪਾਤਿਸਾਹੁ,** *(ਪਾਤਸ਼ਾਹ)*
ਉਹ ਬਾਦਸ਼ਾਹ

ਸਾਹਾ *(ਸ਼ਾਹਾਂ)* **ਪਾਤਿਸਾਹਿਬੁ,** *(ਪਾਤਸਾ ਹੇਬ)*
ਬਾਦਸ਼ਾਹਾਂ ਦਾ ਵੀ ਬਾਦਸ਼ਾਹ

ਨਾਨਕ **ਰਹਣੁ** *(ਰੈ ਹਣ)* **ਰਜਾਈ** *(ਰਜ਼ਾਈ)* **॥੨੭॥**
ਹੇ ਨਾਨਕ! ਰਹਿਣਾ ਰਜ਼ਾ ਵਿਚ, ਹੁਕਮ ਅਨੁਸਾਰ

...ਉਹ (ਸਾਹਿਬ ਜੀ), ਪਾਤਸ਼ਾਹਾਂ ਦੇ ਵੀ ਪਾਤਸ਼ਾਹ ਹਨ (ਇਸ ਲਈ) ਹੇ ਨਾਨਕ! (ਉਸਦੀ) ਰਜ਼ਾ ਵਿਚ ਰਹਿਣਾ ਹੀ (ਠੀਕ ਹੈ)।

ਮੁੰਦਾ *(ਮੁੰਦਾਂ)*
ਮੁੰਦਰਾਂ, ਕੁੰਡਲ ਜੋ ਜੋਗ ਮੱਤ ਵਾਲੇ ਆਪਣੇ ਕੰਨਾਂ ਵਿਚ ਪਾਉਂਦੇ ਹਨ

ਸੰਤੋਖੁ, *(ਸੰਤੋਖ)* — ਸਬਰ, ਇੱਛਾਵਾਂ ਉੱਤੇ ਅੰਕੁਸ਼
ਸਰਮੁ *(ਸ਼੍ਰਮ)* — ਸ਼੍ਰਮ, ਉੱਦਮ, ਮਿਹਨਤ

ਪਤੁ *(ਪਤ)* — ਪਾਤ੍ਰ, ਚਿੱਪੀ, ਠੂਠਾ
ਝੋਲੀ, — ਜੋਗੀਆਂ ਦੀ ਭਿਖਿਆ ਪਾਉਣ ਵਾਲੀ ਗੋਦੜੀ

ਧਿਆਨ *(ਧੵਾਨ)* — ਚਿੰਤਨ
ਕੀ — ਦੀ
ਕਰਹਿ *(ਕਰੈਂ ਹ)* — ਕਰ ਲਵੇਂ
ਬਿਭੂਤਿ *(ਬਿਭੂਤ)* ॥ — ਵਿਭੂਤੀ, ਭਸਮ, ਰਾਖ

(ਹੇ ਜੋਗੀ! ਜੇ ਤੂੰ) ਸਬਰ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇਂ, (ਬੰਦਗੀ ਦੀ) ਘਾਲ ਕਮਾਈ ਨੂੰ ਠੂਠਾ ਤੇ ਗੋਦੜੀ ਬਣਾ ਲਵੇਂ, ਅਤੇ ਪਰਮਾਤਮ ਚਿੰਤਨ ਦੀ ਵਿਭੂਤੀ ਕਰ ਲਵੇਂ...

ਖਿੰਥਾ — ਗੋਦੜੀ, ਖ਼ਫਣੀ
ਕਾਲੁ, *(ਕਾ.ਲ)* — ਮੌਤ, ਮ੍ਰਿਤੂ

ਕੁਆਰੀ *(ਕੵਾਰੀ)* — ਪਵਿੱਤਰ
ਕਾਇਆ *(ਕਾਇਆਂ)* — ਸਰੀਰ
ਜੁਗਤਿ, *(ਜੁਗਤ)* — ਜੁਗਤੀ ਵਿਚ, ਰਹਿਤ ਵਿਚ

ਡੰਡਾ — ਸੋਟਾ (ਜੋ ਜੋਗੀ ਆਪਣੇ ਹੱਥ ਵਿਚ ਰੱਖਦੇ ਹਨ)
ਪਰਤੀਤਿ *(ਪਰਤੀਤ)* ॥ — ਨਿਸ਼ਚਾ, ਸਿਦਕ

...(ਹੇ ਜੋਗੀ! ਜੇ ਤੂੰ) ਮ੍ਰਿਤੂ ਦੇ ਭੈ ਨੂੰ ਗੋਦੜੀ, ਸਰੀਰ ਨੂੰ ਵਿਕਾਰਾਂ ਦੀ ਮੈਲ ਤੋਂ ਪਵਿੱਤਰ ਰਖਣ ਨੂੰ ਜੀਵਨ-ਜੁਗਤਿ ਅਥਵਾ ਜੀਵਨ ਦੀ ਮਰਿਯਾਦਾ, ਅਤੇ (ਅਕਾਲ-ਪੁਰਖ ਦੇ ਭਰੋਸੇ ਨੂੰ) ਆਪਣਾ ਡੰਡਾ ਬਣਾ ਲਵੇਂ (ਤਾਂ ਹੀ ਸਚਿਆਰ-ਪੁਰਖ ਬਣਿਆ ਜਾ ਸਕਦਾ ਹੈ। ਇਨ੍ਹਾਂ ਬਾਹਰ ਮੁੱਖੀ ਪਾਖੰਡਮਈ ਭੇਖਾਂ ਨਾਲ ਪ੍ਰਭੂ ਪ੍ਰਾਪਤੀ ਨਹੀਂ ਹੋ

ਸਕਦੀ)...

ਆਈ ਪੰਥੀ,
ਆਈ ਪੰਥ ਦਾ ਅਨੁਯਾਈ(ਜੋਗੀਆਂ ਦੇ ਬਾਰਾਂ ਫਿਰਕਿਆਂ ਵਿਚੋਂ ਸ਼੍ਰੋਮਣੀ ਫਿਰਕਾ)

ਸਗਲ **ਜਮਾਤੀ**
ਸਾਰਿਆਂ ਨੂੰ ਇਕੋ ਜਮਾਤ ਦੇ, ਇਕੋ ਵਰਗ ਦੇ

ਮਨਿ *(ਮਨ)* **ਜੀਤੈ** **ਜਗੁ** *(ਜਗ)* **ਜੀਤੁ** *(ਜੀਤ)* ॥
ਮਨ ਨੂੰ ਜਿੱਤਿਆਂ ਸੰਸਾਰ ਜਿੱਤਣਾ

...(ਸਹੀ ਅਰਥਾਂ ਵਿਚ) ਆਈ ਪੰਥ ਦਾ ਅਨੁਯਾਈ ਉਹ ਹੈ ਜੋ ਸਾਰਿਆਂ ਪ੍ਰਾਣੀਆਂ ਨੂੰ ਇਕੋ ਜਮਾਤ ਦੇ, ਆਪਣੇ ਵਰਗੇ, ਭਾਵ ਇਕੋ ਜਿਹੇ, ਸਮਦ੍ਰਿਸ਼ਟ ਜਾਣੇ। ਜਿਸਨੇ ਆਪਣੇ ਮਨ ਨੂੰ, ਭਾਵ ਆਪਣੀਆਂ ਮਨ ਦੀਆਂ ਇੱਛਾਵਾਂ ਤੇ ਕਾਬੂ ਪਾ ਲਿਆ, ਸਮਝੋ ਉਸਨੇ ਸਾਰੇ ਸੰਸਾਰ ਨੂੰ ਫਤਹਿ ਕਰ ਲਿਆ ਹੈ।...

ਆਦੇਸੁ *(ਆਦੇਸ)*
ਜੋਗੀਆਂ ਦੇ ਪਰਸਪਰ ਮਿਲਣ ਸਮੇਂ ਨਮਸਕਾਰ ਦਾ ਸਿਸ਼ਟਾਚਾਰਕ ਸ਼ਬਦ

ਤਿਸੈ **ਆਦੇਸੁ** *(ਆਦੇਸ)* ॥
ਤਿਸ ਨੂੰ ਨਮਸਕਾਰ

...ਨਮਸਕਾਰ ਹੈ ਉਸ ਕਰਤਾ ਪੁਰਖ ਨੂੰ...

ਆਦਿ *(ਆਦ)* **ਅਨੀਲੁ** *(ਅਨੀਲ)*
ਮੁੱਢ, ਮੂਲ ਅਰੰਗ,ਨੀਲ-ਵਰਤਣ ਰਹਿਤ, (ਆਮ ਕਰਕੇ ਪ੍ਰਭੂ ਨੂੰ ਨੀਲ-ਵਰਤਣ ਭਾਵ ਘਨ-ਸ਼ਿਆਮ ਮੰਨਿਆ ਜਾਂਦਾ ਹੈ)।

ਅਨਾਦਿ *(ਅਨਾਦ)* **ਅਨਾਹਤਿ,** *(ਅਨਾਹਤ)*
ਜਿਸਦਾ ਕੋਈ ਆਦਿ ਨਹੀਂ ਨਾਸ਼ ਰਹਿਤ, ਅਬਿਨਾਸ਼ੀ

ਜੁਗੁ *(ਜੁਗ)* **ਜੁਗੁ** *(ਜੁਗ)* **ਏਕੋ** **ਵੇਸੁ** *(ਵੇਸ)* **॥੨੮॥**
ਜੁਗ ਜੁਗ ਇਕੋ ਹੀ ਭੇਖ, ਸਰੂਪ

...ਜੋ ਸਭ ਬ੍ਰਹਿਮੰਡ ਦਾ ਮੂਲ ਹੈ, ਅਰੰਗ, ਭਾਵ ਉਜ੍ਹਲ ਸਰੂਪ ਹੈ। ਜਿਸ ਦਾ ਆਪਣਾ ਕੋਈ ਮੁੱਢ ਨਹੀ ਅਤੇ ਉਸਦਾ ਜੁੱਗਾਂ ਜੁੱਗਾਂ ਤੋਂ ਨਿਰੰਤਰ ਇਕੋ ਸਰੂਪ ਹੈ।...

ਭੁਗਤਿ *(ਭੁਗਤ)* **ਗਿਆਨੁ** *(ਗੈਆਨ)*
ਚੂਰਮਾ, ਜੋਗੀਆਂ ਦੇ ਭੰਡਾਰਿਆਂ ਤੇ ਵੰਡਿਆਂ ਜਾਂਦਾ ਪ੍ਰਸ਼ਾਦ (ਪਰਮਾਤਮ)ਗਿਆਨ

ਦਇਆ *(ਦਇਆ)* **ਭੰਡਾਰਣਿ,** *(ਭੰਡਾਰਣ)*
ਕਰੁਣਾ ਭੰਡਾਰਾ ਵਰਤਾਣ ਵਾਲੀ

ਘਟਿ *(ਘਟ)* **ਘਟਿ** *(ਘਟ)* **ਵਾਜਹਿ** *(ਵਾਜੈਂਹ)* **ਨਾਦ** **॥**
ਹਿਰਦੇ ਰੂਪੀ ਘਰ ਵਿਚ ਵੱਜਦੇ ਹੋਣ ਸੰਖ, ਰਣ-ਸਿੰਗੇ

...(ਹੇ ਜੋਗੀ!) ਪਰਮਾਤਮ-ਗਿਆਨ ਨੂੰ ਚੂਰਮਾ ਬਣਾ, ਦਇਆ ਨੂੰ (ਆਪਣੀ ਰਸੋਈ) ਦੀ ਭੰਡਾਰਣ ਬਣਾ ਅਤੇ ਤੇਰੇ ਅੰਤਰ ਆਤਮਾ ਵਿਚ ਪਰਮਾਤਮ-ਸ਼ਬਦ ਰੂਪੀ ਸੰਖ ਜਾਂ ਨਾਦੀ ਆਦਿ ਵਜਦੇ ਹੋਣੇ

ਚਾਹੀਦੇ ਹਨ।...

ਆਪਿ *(ਆਪ)* **ਨਾਥੁ,** *(ਨਾਥ)*
ਆਪ ਹੀ ਯੋਗੀ ਮਹੰਤ, ਮੱਠ ਦਾ ਮੁੱਖੀ ਅਧਿਅਕਸ਼

ਨਾਥੀ **ਸਭ** **ਜਾ ਕੀ,**
ਨੱਥੀ ਹੋਈ, ਸਾਰੀ *ਜਿਸਦੀ*
ਸੂਤਰ-ਬੱਧ ਕੀਤੀ ਹੋਈ

ਰਿਧਿ *(ਰਿੱਧ)*
ਰਿਧੀਆਂ, ਧਨ ਸੰਪਦਾ ਪੈਦਾ ਕਰਨ ਵਾਲੀਆਂ ਕਰਾਮਾਤੀ ਸ਼ਕਤੀਆਂ

ਸਿਧਿ *(ਸਿੱਧ)* **ਅਵਰਾ** **ਸਾਦ ॥**
ਸਿੱਧੀਆਂ, ਕਰਾਮਾਤਾਂ, ਜੋਗੀਆਂ ਵਿਚ ਅੱਠ ਹੋਰ ਸੁਆਦ
ਵੱਡੀਆਂ ਸਿੱਧੀਆਂ ਮੰਨੀਆਂ ਗਈਆਂ ਹਨ।

...(ਕਰਤਾ ਪੁਰਖ) ਆਪ ਹੀ ਮੁੱਖੀ ਨਾਥ ਹੈ, ਜਿਸਨੇ ਸਾਰੀ ਸ੍ਰਿਸ਼ਟੀ ਨੂੰ ਨੱਥਿਆ ਹੋਇਆ ਹੈ, ਭਾਵ ਨਿਯਮ-ਬੱਧ ਕੀਤਾ ਹੋਇਆ ਹੈ। ਇਹ ਰਿੱਧੀਆਂ ਸਿੱਧੀਆਂ ਦਾ ਸੁਆਦ ਹੋਰ ਪਾਸੇ ਭਾਵ ਪਰਮਾਤਮਾ ਦੇ ਰਸਤੇ ਤੋਂ ਪਰ੍ਹੇ ਲਿਜਾਣ ਵਾਲਾ ਚਸਕਾ ਹੈ।

ਸੰਜੋਗੁ *(ਸੰਜੋਗ)* **ਵਿਜੋਗੁ,** *(ਵਿਜੋਗ)*
ਪ੍ਰਭੂ ਨਾਲ ਮਿਲਣਾ ਪ੍ਰਭੂ ਤੋਂ ਵਿਛੜਣਾ

ਦੁਇ, *(ਦੋਏ)* **ਕਾਰ** **ਚਲਾਵਹਿ,** *(ਚਲਾਵੈਂ ਹ)*
ਦੋਵੇਂ ਸੰਸਾਰ ਦਾ ਪ੍ਰਬੰਧ ਚਲਾ ਰਹੇ ਹਨ

ਲੇਖੇ **ਆਵਹਿ** *(ਆਵੈਂ ਹ)* **ਭਾਗ ॥**
ਹਿਸਾਬ ਨਾਲ, ਲੇਖੇ ਅਨੁਸਾਰ ਆਉਂਦੇ ਹਨ ਹਿੱਸਾ, ਕਰਮਾਂ ਦੇ ਫਲ

...ਸੰਜੋਗ ਅਤੇ ਵਿਜੋਗ ਦੋਵੇਂ ਤਾਕਤਾਂ ਸੰਸਾਰ ਦਾ ਪ੍ਰਬੰਧ ਚਲਾ ਰਹੀਆਂ ਹਨ, ਅਤੇ ਜੀਵਾਂ ਨੂੰ ਕੀਤੇ ਹੋਏ ਕਰਮਾਂ ਦੇ ਲੇਖੇ ਅਨੁਸਾਰ ਫਲ ਪ੍ਰਾਪਤ ਹੁੰਦੇ ਹਨ।

ਆਦੇਸੁ *(ਆਦੇਸ)*
ਜੋਗੀਆਂ ਦੇ ਪਰਸਪਰ ਮਿਲਣ ਸਮੇਂ ਨਮਸਕਾਰ ਦਾ ਸਿਸ਼ਟਾਚਾਰਕ ਸ਼ਬਦ

ਤਿਸੈ **ਆਦੇਸੁ** *(ਆਦੇਸ)* ॥
ਤਿਸ ਨੂੰ ਨਮਸਕਾਰ

...ਨਮਸਕਾਰ ਹੈ ਉਸ ਕਰਤਾ ਪੁਰਖ ਨੂੰ...

ਆਦਿ *(ਆਦ)* **ਅਨੀਲੁ** *(ਅਨੀਲ)*
ਮੁੱਢ, ਮੂਲ ਅਰੰਗ,ਨੀਲ-ਵਰਤਣ ਰਹਿਤ, (ਆਮ ਕਰਕੇ ਪ੍ਰਭੂ ਨੂੰ ਨੀਲ-ਵਰਤਣ ਭਾਵ ਘਨ-ਸ਼ਿਆਮ ਮੰਨਿਆ ਜਾਂਦਾ ਹੈ)।

ਅਨਾਦਿ *(ਅਨਾਦ)* **ਅਨਾਹਤਿ,** *(ਅਨਾਹਤ)*
ਜਿਸਦਾ ਕੋਈ ਆਦਿ ਨਹੀਂ ਨਾਸ਼ ਰਹਿਤ, ਅਬਿਨਾਸ਼ੀ

ਜੁਗੁ *(ਜੁਗ)* **ਜੁਗੁ** *(ਜੁਗ)* **ਏਕੋ** **ਵੇਸੁ** *(ਵੇਸ)* ॥੨੯॥
ਜੁਗ ਜੁਗ ਇਕੋ ਹੀ ਭੇਖ, ਸਰੂਪ

...ਜੋ ਸਭ ਬ੍ਰਹਿਮੰਡ ਦਾ ਮੂਲ ਹੈ, ਅਰੰਗ, ਭਾਵ ਉਜੂਲ ਸਰੂਪ ਹੈ। ਜਿਸ ਦਾ ਆਪਣਾ ਕੋਈ ਮੁੱਢ ਨਹੀ ਅਤੇ ਉਸਦਾ ਜੁਗਾਂ ਜੁੱਗਾਂ ਤੋਂ ਨਿਰੰਤਰ ਇਕੋ ਸਰੂਪ ਹੈ।...

ਏਕਾ **ਮਾਈ,**
ਇਕ ਕਰਤਾ ਪੁਰਖ ਮਾਇਆ

ਜੁਗਤਿ *(ਜੁਗਤ)* **ਵਿਆਈ,** *(ਵੈਆਈ)*
ਜੁਗਤੀ ਨਾਲ, ਸੰਜੋਗ ਨਾਲ ਸੂਈ, ਬੱਚੇ ਜਨਮੇ

ਤਿਨਿ *(ਤਿੰਨ)* **ਚੇਲੇ** **ਪਰਵਾਣੁ** *(ਪਰਵਾਣ)* ॥
ਤਿੰਨ ਪੁੱਤਰ,ਤ੍ਰੈ ਮੂਰਤੀ ਵਿਖਿਆਤ, ਪਰਤੱਖ

...ਇਕ ਅਕਾਲ ਪੁਰਖ ਦੀ ਮਾਇਆ, ਸੰਜੋਗ ਨਾਲ ਸੂ ਪਈ, ਅਤੇ ਉਸਨੇ ਤਿੰਨ ਪੁੱਤਰ ਜਨਮੇ...

ਇਕੁ *(ਇੱਕ)* **ਸੰਸਾਰੀ,**
ਇੱਕ ਇਕ ਸੰਸਾਰ ਨੂੰ ਰਚਣ ਵਾਲਾ(ਬ੍ਰਹਮਾ)

ਇਕੁ *(ਇੱਕ)* **ਭੰਡਾਰੀ,**
ਇੱਕ ਜੀਵਾਂ ਦੀ ਪਾਲਣਾ ਕਰਨ ਵਾਲਾ(ਵਿਸ਼ਨੂੰ)

ਇਕੁ *(ਇੱਕ)* **ਲਾਏ** **ਦੀਬਾਣੁ** *(ਦੀਬਾਣ)* ॥
ਇੱਕ ਲਾਉਂਦਾ ਹੈ (ਸ਼ਿਵ ਦੀ) ਕਚਿਹਰੀ, ਜਿਸ ਦੇ ਦਰਬਾਰ ਵਿਚੋਂ ਜੀਵਾਂ ਦੀ ਮੌਤ ਦਾ ਆਦੇਸ਼ ਹੁੰਦਾ ਹੈ

...ਇਨ੍ਹਾਂ ਵਿਚੋਂ ਇਕ ਬ੍ਰਹਮਾ, ਜਿਸਨੇ ਸੰਸਾਰ ਦੀ ਰਚਨਾ ਕੀਤੀ ਹੈ,

ਦੂਸਰਾ ਵਿਸ਼ਨੂੰ, ਜੋ ਭੰਡਾਰੇ ਲਾਕੇ ਸੰਸਾਰ ਦੇ ਜੀਵਾਂ ਦੀ ਪਾਲਣਾ ਕਰ ਰਿਹਾ ਹੈ, ਅਤੇ ਤੀਸਰਾ ਸ਼ਿਵਜੀ, ਜੋ ਆਪਣੀ ਕਚਿਹਰੀ ਲਾਕੇ ਜੀਵਾਂ ਦੀ ਮੌਤ ਦੇ ਹੁਕਮ ਕਰਦਾ ਹੈ।...

ਜਿਵ **ਤਿਸੁ** *(ਤਿਸ)* **ਭਾਵੈ** **ਤਿਵੈ** *(ਤਿਵੈਂ)* **ਚਲਾਵੈ,**
ਜਿਵੇਂ ਤਿਸ ਨੂੰ ਭਾਉਂਦਾ ਹੈ ਉਵੇਂ ਹੀ ਚਲਾਉਂਦਾ ਹੈ

ਜਿਵ **ਹੋਵੈ** **ਫੁਰਮਾਣੁ** *(ਫੁਰਮਾਣ)* **॥**
ਜਿਵੇਂ ਹੁੰਦਾ ਹੈ ਫੁਰਮਾਨ

...(ਪਰ ਅਸਲ ਗਲ ਇਹ ਹੈ ਕਿ ਇਨ੍ਹਾਂ ਦੇਵਤਿਆਂ ਦੇ ਹੱਥ-ਵਸ ਕੁਝ ਨਹੀਂ) ਜਿਵੇਂ ਕਰਤਾ-ਪੁਰਖ ਜੀ ਨੂੰ ਭਾਉਂਦਾ ਹੈ, ਅਤੇ ਜੋ ਉਨ੍ਹਾਂ ਨੂੰ ਫੁਰਦਾ ਹੈ ਤਿਵੇਂ ਹੀ ਉਹ (ਇਸ ਬ੍ਰਹਿਮੰਡ ਨੂੰ ਆਪਣੇ ਨਿਯਮਾਂ ਅਨੁਸਾਰ) ਚਲਾ ਰਿਹਾ ਹੈ।...

ਓਹੁ *(ਓਹ)* **ਵੇਖੈ,** **ਓਨਾ** *(ਓਨ੍ਹਾਂ)*
ਉਹ ਵੇਖਦਾ ਹੈ ਉਨ੍ਹਾਂ ਨੂੰ (ਸ੍ਰਿਸ਼ਟੀ ਦੇ ਜੀਵਾਂ ਨੂੰ)

ਨਦਰਿ *(ਨਦਰ)* **ਨ** *(ਨਾਂ)* **ਆਵੈ,**
ਨਜ਼ਰ ਨਹੀਂ ਆਉਂਦਾ

ਬਹੁਤਾ *(ਬਹੌਤਾ)* **ਏਹੁ** *(ਏਹ)* **ਵਿਡਾਣੁ** *(ਵਿਡਾਣ)* **॥**
ਬਹੁਤ ਹੀ ਇਹ ਅਸਚਰਜਤਾ

...ਪਰ ਬਹੁਤ ਹੀ ਅਸਚਰਜ ਕੌਤਕ ਤਾਂ ਇਹ ਹੈ ਕਿ ਉਹ (ਅਕਾਲ ਪੁਰਖ) ਸਭ ਨੂੰ ਵੇਖਦਾ ਹੈ, ਪਰ ਉਨ੍ਹਾਂ ਨੂੰ (ਭਾਵ ਸ੍ਰਿਸ਼ਟੀ ਦੇ ਜੀਵਾਂ ਨੂੰ) ਨਜ਼ਰ ਨਹੀਂ ਆਉਂਦਾ।...

ਆਦੇਸੁ *(ਆਦੇਸ)*
ਜੋਗੀਆਂ ਦੇ ਪਰਸਪਰ ਮਿਲਣ ਸਮੇਂ ਨਮਸਕਾਰ ਦਾ ਸਿਸ਼ਟਾਚਾਰਕ ਸ਼ਬਦ

ਤਿਸੈ **ਆਦੇਸੁ** *(ਆਦੇਸ)* ॥
ਤਿਸ ਨੂੰ ਨਮਸਕਾਰ

...ਨਮਸਕਾਰ ਹੈ ਉਸ ਕਰਤਾ ਪੁਰਖ ਨੂੰ...

ਆਦਿ *(ਆਦ)* **ਅਨੀਲੁ** *(ਅਨੀਲ)*
ਮੁੱਢ, ਮੂਲ — ਅਰੰਗ,ਨੀਲ-ਵਰਤਣ ਰਹਿਤ, (ਆਮ ਕਰਕੇ ਪ੍ਰਭੂ ਨੂੰ ਨੀਲ-ਵਰਤਣ ਭਾਵ ਘਨ-ਸ਼ਿਆਮ ਮੰਨਿਆ ਜਾਂਦਾ ਹੈ)।

ਅਨਾਦਿ *(ਅਨਾਦ)* **ਅਨਾਹਤਿ,** *(ਅਨਾਹਤ)*
ਜਿਸਦਾ ਕੋਈ ਆਦਿ ਨਹੀਂ — ਨਾਸ਼ ਰਹਿਤ, ਅਬਿਨਾਸ਼ੀ

ਜੁਗੁ *(ਜੁਗ)* **ਜੁਗੁ** *(ਜੁਗ)* **ਏਕੋ** **ਵੇਸੁ** *(ਵੇਸ)* ॥੩੦॥
ਜੁਗ ਜੁਗ ਇਕੋ ਹੀ ਭੇਖ, ਸਰੂਪ

...ਜੋ ਸਭ ਬ੍ਰਹਿਮੰਡ ਦਾ ਮੂਲ ਹੈ, ਅਰੰਗ, ਭਾਵ ਉਜੂਲ ਸਰੂਪ ਹੈ। ਜਿਸ ਦਾ ਆਪਣਾ ਕੋਈ ਮੁੱਢ ਨਹੀ ਅਤੇ ਉਸਦਾ ਜੁੱਗਾਂ ਜੁੱਗਾਂ ਤੋਂ ਨਿਰੰਤਰ ਇਕੋ ਸਰੂਪ ਹੈ।...

ਆਸਣੁ *(ਆਸਣ)* **ਲੋਇ** *(ਲੋਇ)* **ਲੋਇ** *(ਲੋਇ)* **ਭੰਡਾਰ** ॥
ਪ੍ਰਭੂ ਦਾ ਆਸਣ, ਰਹਿਣ ਦੀ ਥਾਂ — *ਹਰ ਭਵਣ ਵਿਚ* — ਖਜ਼ਾਨੇ, ਭੰਡਾਰੇ

(ਕਰਤਾ-ਪੁਰਖ ਦਾ) ਆਸਣ, ਉਸਦਾ ਵਾਸਾ ਹਰ ਭਵਣ ਵਿਚ ਭਾਵ ਸਾਰੇ ਬ੍ਰਹਿਮੰਡ ਵਿਚ ਹੈ, ਉਸਦੀਆਂ ਦਾਤਾਂ ਦੇ ਭੰਡਾਰੇ ਵੀ ਸਾਰੇ ਬ੍ਰਹਿਮੰਡ ਵਿਚ ਹਨ।...

ਜੋ **ਕਿਛੁ** **ਪਾਇਆ,** *(ਪਾਏਆ)*
ਜਿਹੜਾ ਕੁਛ ਵੀ ਪ੍ਰਦਾਨ ਕੀਤੈ

ਸੁ *(ਸੋ)* **ਏਕਾ** **ਵਾਰ ॥**
ਉਹ ਇਕੋ ਵਾਰੀ ਹੀ

...ਇਨ੍ਹਾਂ ਖਜ਼ਾਨਿਆਂ ਨੂੰ ਵੀ ਕਰਤਾ ਪੁਰਖ ਜੀ ਨੇ ਇਕੋ ਵਾਰੀ (ਆਪਣੀਆਂ ਦਾਤਾਂ) ਨਾਲ ਭਰਪੂਰ ਕਰ ਦਿੱਤਾ ਹੈ।...

ਕਰਿ *(ਕਰ)* **ਕਰਿ** *(ਕਰ)* **ਵੇਖੈ** **ਸਿਰਜਣਹਾਰੁ** *(ਸਿਰਜਣਹਾਰ)***॥**
ਬਣਾ ਬਣਾ ਕੇ ਵੇਖ ਰਿਹਾ ਰਚਨਹਾਰ

...ਸਿਰਜਣਹਾਰ (ਕਰਤਾਰ) ਆਪਣੀ ਰਚਨਾ ਨੂੰ ਰਚਕੇ, ਨਿਹਾਰਦਾ ਹੋਇਆ ਉਸਦੀ ਸਾਂਭ-ਸੰਭਾਲ ਕਰ ਰਿਹਾ ਹੈ।...

ਨਾਨਕ, **ਸਚੇ** *(ਸੱਚੇ)* **ਕੀ** **ਸਾਚੀ** **ਕਾਰ ॥**
ਹੇ ਨਾਨਕ ! ਸਦਾ ਥਿਰ ਰਹਿਣ ਵਾਲੇ ਦੀ ਅਟੱਲ ਪ੍ਰਬੰਧ

...ਹੇ ਨਾਨਕ ! ਸਦਾ ਸਥਿਰ ਰਹਿਣ ਵਾਲੇ ਪਰਮਾਤਮਾ ਦਾ, ਇਹ ਕਾਰ ਵਿਹਾਰ ਸਦਾ ਅਟੱਲ ਹੈ।...

ਆਦੇਸੁ *(ਆਦੇਸ)*
ਜੋਗੀਆਂ ਦੇ ਪਰਸਪਰ ਮਿਲਣ ਸਮੇਂ ਨਮਸਕਾਰ ਦਾ ਸਿਸ਼ਟਾਚਾਰਕ ਸ਼ਬਦ

ਤਿਸੈ **ਆਦੇਸੁ** *(ਆਦੇਸ)* ॥
ਤਿਸ ਨੂੰ ਨਮਸਕਾਰ

...ਨਮਸਕਾਰ ਹੈ ਉਸ ਕਰਤਾ ਪੁਰਖ ਨੂੰ...

ਆਦਿ *(ਆਦ)* **ਅਨੀਲੁ** *(ਅਨੀਲ)*
ਮੁੱਢ, ਮੂਲ ਅਰੰਗ,ਨੀਲ-ਵਰਤਣ ਰਹਿਤ, (ਆਮ ਕਰਕੇ ਪ੍ਰਭੂ ਨੂੰ ਨੀਲ-ਵਰਤਣ ਭਾਵ ਘਨ-ਸ਼ਿਆਮ ਮੰਨਿਆ ਜਾਂਦਾ ਹੈ)।

ਅਨਾਦਿ *(ਅਨਾਦ)* **ਅਨਾਹਤਿ,** *(ਅਨਾਹਤ)*
ਜਿਸਦਾ ਕੋਈ ਆਦਿ ਨਹੀਂ ਨਾਸ਼ ਰਹਿਤ, ਅਬਿਨਾਸ਼ੀ

ਜੁਗੁ *(ਜੁਗ)* **ਜੁਗੁ** *(ਜੁਗ)* **ਏਕੋ** **ਵੇਸੁ** *(ਵੇਸ)* ॥੩੧॥
ਜੁਗ ਜੁਗ ਇਕੋ ਹੀ ਭੇਖ, ਸਰੂਪ

...ਜੋ ਸਭ ਬ੍ਰਹਿਮੰਡ ਦਾ ਮੂਲ ਹੈ, ਅਰੰਗ, ਭਾਵ ਉਜੂਲ ਸਰੂਪ ਹੈ। ਜਿਸ ਦਾ ਆਪਣਾ ਕੋਈ ਮੁੱਢ ਨਹੀ ਅਤੇ ਉਸਦਾ ਜੁੱਗਾਂ ਜੁੱਗਾਂ ਤੋਂ ਨਿਰੰਤਰ ਇਕੋ ਸਰੂਪ ਹੈ।...

ਇਕ *(ਇੱਕ)* **ਦੂ** *(ਦੂੰ)* **ਜੀਭੌ** *(ਜੀਭੌਂ)* **ਲਖ** *(ਲੱਖ)* **ਹੋਹਿ,** *(ਹੋ ਹੈਂ)*
ਇੱਕ ਤੋਂ ਜੀਭ ਕੋਲੋਂ ਇੱਕ ਲੱਖ ਹੋ ਜਾਣ

ਲਖ *(ਲੱਖ)* **ਹੋਵਹਿ** *(ਹੋਵੈਂਹ)* **ਲਖ** *(ਲੱਖ)* **ਵੀਸ** ॥
ਇਕ ਲੱਖ ਹੋ ਜਾਣ *ਵੀਹ ਲੱਖ*

(ਜੇਕਰ) ਇੱਕ ਜੀਭ ਤੋਂ ਇਕ ਲੱਖ ਜੀਭਾਂ ਹੋ ਜਾਣ, ਤੇ ਲੱਖ ਤੋਂ ਵੀਹ ਲੱਖ (ਭਾਵ ਅਣਗਿਣਤ) ਹੋ ਜਾਣ...

ਲਖੁ *(ਲੱਖ)* **ਲਖੁ** *(ਲੱਖ)* **ਗੇੜਾ** **ਆਖੀਅਹਿ,** *(ਆਖੀਐਂ ਹ)*
ਇੱਕ ਇੱਕ ਲੱਖ ਵਾਰ ਫੇਰਾ, ਚੱਕਰ ਆਖੀਏ, ਕਹੀਏ

ਏਕੁ *(ਏਕ)* **ਨਾਮੁ** *(ਨਾਮ)* **ਜਗਦੀਸ** *(ਜਗਦੀਸ਼)* ॥
ਇੱਕ ਨਾਂ ਜਗਤੇਸ਼੍ਵਰ, ਜਗਤਪਿਤਾ

...ਅਤੇ ਫਿਰ ਉਨ੍ਹਾਂ ਵੀਹ ਲੱਖ ਜੀਭਾਂ ਤੋਂ ਇੱਕ ਇੱਕ ਲੱਖ ਵਾਰ ਜਗਤ ਪਿਤਾ ਪਰਮਾਤਮਾ ਦਾ ਨਾਂ ਜਪਿਆ ਜਾਏ (ਪ੍ਰੰਤੂ ਅਜਿਹਾ ਕਰਦਿਆਂ ਕੋਈ ਹਉਮੈ ਨਾਲ ਆਖੇ, ਕਿ ਮੈਂ ਇਤਨੀ ਵਾਰੀ ਗਿਣਤੀਆਂ ਮਿਣਤੀਆਂ ਨਾਲ ਨਾਮ ਜਪਿਆ ਹੈ ਤਾਂ (ਇਹ ਕੂੜ ਭਰੇ ਮਨੁੱਖ ਦੀਆਂ ਐਵੇਂ ਝੂਠੀਆਂ ਅਤੇ ਹੰਕਾਰੀ ਗੱਪਾਂ ਹੀ ਹੋਣਗੀਆਂ)...

ਏਤੁ *(ਏਤ)* **ਰਾਹਿ,** *(ਰਾਹ)*
ਇਸ ਰਾਹ ਦੁਆਰਾ

ਪਤਿ *(ਪਤ)* **ਪਵੜੀਆ,** *(ਪਵੜੀਆਂ)*
ਪਤੀ, ਪਰਮਾਤਮਾ ਪਉੜੀਆਂ, ਆਤਮ ਮੰਜ਼ਿਲ ਦੀ ਚੜ੍ਹਾਈ

ਚੜੀਐ *(ਚੜ ੀਐ)* **ਹੋਇ** *(ਹੋ ੲ)* **ਇਕੀਸ** ॥
ਚੜ੍ਹੀਏ ਹੋਈਏ ਈਸ਼ਵਰ-ਰੂਪ, ਕਰਤਾ ਪੁਰਖ ਨਾਲ ਇੱਕ-ਮਿੱਕ

...ਇਸ ਰਸਤੇ ਰਾਹੀਂ ਹੀ ਆਤਮਿਕ ਮੰਜ਼ਿਲ ਦੀਆਂ ਪਉੜੀਆਂ ਚੜ੍ਹਕੇ (ਕਰਤਾ-ਪੁਰਖ ਨਾਲ) ਇੱਕ-ਮਿਕ ਹੋਈਦਾ ਹੈ।...

ਸੁਣਿ *(ਸੁਣ)* **ਗਲਾ** *(ਗੱਲਾਂ)* **ਆਕਾਸ** *(ਆਕਾਸ਼)* **ਕੀ,**
ਸੁਣਕੇ ਬਾਤਾਂ, ਗਲਾਂ ਅਕਾਸ਼ ਦੀਆਂ

ਕੀਟਾ *(ਕੀਟਾਂ)* **ਆਈ ਰੀਸ ॥**
ਕੀੜਿਆਂ ਗਈ ਬਰਾਬਰੀ ਦਾ ਚਾਅ

...(ਕਈ ਵਾਰੀ ਇਹੋ ਜਿਹੀਆਂ) ਅਕਾਸ਼ਮਈ ਗਲਾਂ-ਬਾਤਾਂ ਸੁਣਕੇ ਕੀੜਿਆਂ ਮਕੌੜਿਆਂ ਭਾਵ ਆਮ ਮਨੁੱਖਾਂ ਨੂੰ ਵੀ ਇਹੋ ਜਿਹੀ ਬਰਾਬਰੀ ਕਰਨ ਦਾ ਚਾਅ ਚੜ੍ਹ ਜਾਂਦਾ ਹੈ।...

ਨਾਨਕ, ਨਦਰੀ ਪਾਈਐ,
ਹੇ ਨਾਨਕ! ਮਿਹਰ ਰਾਹੀਂ, ਬਖਸ਼ਿਸ਼ ਦੁਆਰਾ ਪਾਈਦਾ ਹੈ

ਕੂੜੀ ਕੂੜੈ ਠੀਸ ॥੩੨॥
ਝੂਠੀਆਂ ਝੂਠੇ ਗੱਪਾਂ

...ਹੇ ਨਾਨਕ! (ਕੇਵਲ ਸਾਹਿਬ ਦੀ) ਬਖਸ਼ਿਸ਼ ਦੁਆਰਾ ਹੀ (ਕਰਤਾ-ਪੁਰਖ ਜੀ ਨੂੰ) ਪਾਈਦਾ ਹੈ, ਐਵੇਂ ਕੂੜੇ ਮਨੁੱਖ ਦੀਆਂ ਝੂਠੀਆਂ (ਹਉਮੈ ਭਰੀਆਂ) ਗੱਪਾਂ (ਦੁਆਰਾ ਸਾਹਿਬ ਦੀ ਪ੍ਰਾਪਤੀ ਨਹੀਂ ਹੋ ਸਕਦੀ)।

ਆਖਣਿ *(ਆਖਣ)* **ਜੋਰੁ,** *(ਜ਼ੋਰ)*
ਆਖਣ ਵਿਚ, ਪਰਮਾਤਮ-ਉਸਤਤ ਕਰਨ ਵਿਚ ਸ਼ਕਤੀ, ਸਮਰੱਥਾ

ਚੁਪੈ *(ਚੁੱਪੈ)* **ਨਹ** *(ਨੈਂ ਹ)* **ਜੋਰੁ** *(ਜ਼ੋਰ)* **॥**
ਚੁੱਪ ਸਮਾਧੀ ਵਿਚ, ਚੁੱਪ ਰਹਿਣ ਵਿਚ ਨਹੀਂ ਸ਼ਕਤੀ, ਸਮਰੱਥਾ

ਪਰਮਾਤਮ-ਉਸਤਤ ਕਰਨ ਵਿਚ, ਅਤੇ ਚੁੱਪ-ਸਮਾਧੀ ਵਿਚ ਵੀ ਸਾਡੀ ਆਪਣੀ ਕੋਈ ਸਮਰੱਥਾ (ਕੰਮ ਨਹੀਂ ਆਉਂਦੀ, ਸਗੋਂ ਪ੍ਰਭੂ

ਅਗੇ ਪੂਰਨ ਰੂਪ ਵਿਚ ਸਮਰਪਿਤ ਹੋਣਾ ਹੀ ਪਰਮਾਤਮ ਮਿਲਣ ਦੇ ਰਾਹ ਵਿਚ ਸਹਾਈ ਹੁੰਦਾ ਹੈ)।...

ਜੋਰੁ *(ਜ਼ੋਰ)*	**ਨ** *(ਨਾਂ)*	**ਮੰਗਣਿ,** *(ਮੰਗਣ)*
ਸ਼ਕਤੀ, ਸਮਰੱਥਾ	ਨਹੀਂ	ਮੰਗਣ ਵਿਚ

ਦੇਣਿ *(ਦੇਣ)*	**ਨ** *(ਨਾਂ)*	**ਜੋਰੁ** *(ਜ਼ੋਰ)* ॥
ਦੇਣ ਵਿਚ	ਨਹੀਂ	ਸ਼ਕਤੀ, ਸਮਰੱਥਾ

...ਕਿਸੇ ਕੋਲੋ ਕੁਝ ਮੰਗਣ, ਅਤੇ ਕਿਸੇ ਨੂੰ ਕੁਝ ਦੇਣ ਵਿਚ ਵੀ, ਸਾਡੀ ਕੋਈ ਸਮਰੱਥਾ ਕੰਮ ਨਹੀਂ ਆਉਂਦੀ।...

ਜੋਰੁ *(ਜ਼ੋਰ)*	**ਨ** *(ਨਾਂ)*	**ਜੀਵਣਿ,** *(ਜੀਵਣ)*
ਸ਼ਕਤੀ, ਸਮਰੱਥਾ	ਨਹੀਂ	ਜਿਊਣ ਵਿਚ

ਮਰਣਿ *(ਮਰਣ)*	**ਨਹ** *(ਨੈਂਹ)*	**ਜੋਰੁ** *(ਜ਼ੋਰ)* ॥
ਮਰਣ ਵਿਚ	ਨਹੀਂ	ਸ਼ਕਤੀ, ਸਮਰੱਥਾ

...ਜਿਊਣ ਅਤੇ ਮਰਣ ਵਿਚ ਵੀ, ਸਾਡਾ ਆਪਣਾ ਕੋਈ ਜ਼ੋਰ ਕੰਮ ਨਹੀਂ ਆਉਂਦਾ।...

ਜੋਰੁ *(ਜ਼ੋਰ)*	**ਨ** *(ਨਾਂ)*	**ਰਾਜਿ** *(ਰਾਜ)*	**ਮਾਲਿ** *(ਮਾਲ)*
ਸ਼ਕਤੀ, ਸਮਰੱਥਾ	ਨਹੀਂ	ਰਾਜ ਪ੍ਰਾਪਤੀ ਵਿਚ	ਧਨ-ਮਾਲ ਦੀ ਪ੍ਰਾਪਤੀ ਵਿਚ

ਮਨਿ *(ਮਨ)*	**ਸੋਰੁ** *(ਸ਼ੋਰ)* ॥
ਮਨ ਵਿਚ	ਸ਼ੋਰ,(ਹਉਮੈ ਦਾ) ਰੌਲਾ ਰੱਪਾ

...ਰਾਜ ਭਾਗ ਅਤੇ ਧਨ ਮਾਲ ਆਦਿ ਦੀ ਪ੍ਰਾਪਤੀ ਵਿਚ, ਜਿਸ ਨਾਲ ਮਨ ਅੰਦਰ (ਹਉਮੈ ਦਾ) ਸ਼ੋਰ (ਗੂੰਜਣਾ ਸ਼ੁਰੂ ਕਰ ਦਿੰਦਾ ਹੈ) ਵਿਚ ਵੀ ਸਾਡੀ ਆਪਣੀ ਕੋਈ ਸਮਰੱਥਾ ਕੰਮ ਨਹੀਂ ਕਰਦੀ।...

ਜੋਰੁ *(ਜ਼ੋਰ)*	**ਨ** *(ਨਾਂ)*	**ਸੁਰਤੀ,**
ਸ਼ਕਤੀ, ਸਮਰੱਥਾ	ਨਹੀਂ	(ਪਰਮਾਤਮਾ ਅੰਦਰ) ਸੁਰਤ ਜੋੜਨ ਵਿਚ

ਗਿਆਨਿ *(ਗੇਆਨ)*	**ਵੀਚਾਰਿ** *(ਵੀਚਾਰ)* ॥
(ਆਤਮਿਕ) ਗਿਆਨ ਦੀ ਪ੍ਰਾਪਤੀ ਵਿਚ	(ਪਰਮਾਤਮ) ਵੀਚਾਰ ਵਿਚ

...ਪਰਮਾਤਮਾ ਵਿਚ ਸੁਰਤ ਜੋੜਨ, ਆਤਮਿਕ ਗਿਆਨ ਦੀ ਪ੍ਰਾਪਤੀ, ਅਤੇ ਪਰਮਾਤਮ ਵੀਚਾਰ ਕਰਨ ਵਿਚ, ਸਾਡੀ ਆਪਣੀ ਕੋਈ ਸਮਰੱਥਾ ਕੰਮ ਨਹੀਂ ਆਉਂਦੀ।...

ਜੋਰੁ *(ਜ਼ੋਰ)*	**ਨ** *(ਨਾਂ)*	**ਜੁਗਤੀ,**
ਸ਼ਕਤੀ, ਸਮਰੱਥਾ	ਨਹੀਂ	ਜੁਗਤ ਦੁਆਰਾ, ਤਰੀਕੇ ਰਾਹੀਂ

ਛੁਟੈ	**ਸੰਸਾਰੁ** *(ਸੰਸਾਰ)* ॥
ਛੁੱਟੀਦਾ	ਸੰਸਾਰ(ਤੋਂ)

...(ਇਥੋਂ ਤਕ ਕਿ ਇਸ) ਸੰਸਾਰ ਤੋਂ ਮੁਕਤੀ ਲਈ ਵੀ (ਸਾਡੀ) ਆਪਣੀ ਕੋਈ ਸਮਰੱਥਾ ਜਾਂ ਜੁਗਤੀ ਨਹੀਂ ਚਲਦੀ।...

ਜਿਸੁ *(ਜਿਸ)*	**ਹਥਿ** *(ਹੱਥ)*	**ਜੋਰੁ,** *(ਜ਼ੋਰ)*
ਜਿਸਦੇ	ਹੱਥ ਵਿਚ,ਕੋਲ	ਜ਼ੋਰ, ਸਮਰੱਥਾ

ਕਰਿ *(ਕਰ)* **ਵੇਖੈ** **ਸੋਇ** *(ਸੋ ਏ)* **॥**
ਕਰਕੇ,ਸ੍ਰਿਸ਼ਟੀ ਰਚਕੇ ਵੇਖਦੈ, ਸੰਭਾਲਦੈ ਉਸਨੂੰ

...ਜਿਸ (ਪਰਮਾਤਮਾ) ਕੋਲ (ਇਹ) ਸਮਰੱਥਾ ਹੈ, ਉਹੋ ਹੀ ਸ੍ਰਿਸ਼ਟੀ ਨੂੰ ਰਚਕੇ ਉਸਦੀ ਸਾਂਭ ਸੰਭਾਲ ਕਰਦਾ ਹੈ।...

ਨਾਨਕ, **ਉਤਮੁ** *(ਉੱਤਮ)* **ਨੀਚੁ,** *(ਨੀਚ)*
ਹੇ ਨਾਨਕ! ਸ੍ਰੇਸ਼ਟ ਨੀਵਾਂ

ਨ *(ਨਾਂ)* **ਕੋਇ** *(ਕੋ ਏ)* **॥੩੩॥**
ਨਹੀਂ ਕੋਈ

...ਹੇ ਨਾਨਕ! (ਕਰਤਾ-ਪੁਰਖ ਦੀ ਰਚੀ ਇਸ ਸ੍ਰਿਸ਼ਟੀ ਵਿਚ) ਕੋਈ ਵੀ ਉੱਚਾ ਜਾਂ ਨੀਵਾਂ ਨਹੀਂ। (ਸਭ ਪਰਮਾਤਮ-ਲੀਲ੍ਹਾ ਹੈ, ਉਸਦਾ ਹੁਕਮ ਵਰਤ ਰਿਹਾ ਹੈ) ।

ਰਾਤੀ *(ਰਾਤੀਂ)* **ਰੁਤੀ,** *(ਰੁੱਤੀਂ)* **ਥਿਤੀ** *(ਥਿੱਤੀਂ)* **ਵਾਰ ॥**
ਰਾਤਾਂ ਰੁੱਤਾਂ, ਮੌਸਮ ਥਿੱਤਾਂ ਦਿਨ ਵਾਰ

ਰਾਤਾਂ (ਅਤੇ ਦਿਨ) ਰੁੱਤਾਂ, ਥਿੱਤਾਂ (ਚੰਦ੍ਰਮਾ ਅਤੇ ਸੂਰਜ ਆਦਿ ਦੇ ਚੱਕਰਾਂ ਦੀਆਂ ਇਕਾਈਆਂ) ਹਫ਼ਤੇ ਦੇ ਦਿਨ ਵਾਰ...

ਪਵਣ **ਪਾਣੀ** *(ਪਾਣੀਂ)* **ਅਗਨੀ** *(ਅਗਨੀਂ)* **ਪਾਤਾਲ ॥**
ਪਉਣ,ਹਵਾ ਜਲ ਅੱਗ ਧਰਤੀ ਹੇਠਲੇ ਲੋਕ/ਸ੍ਰਿਸ਼ਟੀਆਂ

...ਹਵਾ, ਪਾਣੀਂ, ਅਗਨੀ ਅਤੇ ਧਰਤੀ ਹੇਠਲੀਆਂ ਸ੍ਰਿਸ਼ਟੀਆਂ...

ਤਿਸੁ *(ਤਿਸ)* **ਵਿਚਿ,** *(ਵਿਚ)* **ਧਰਤੀ**
ਉਸ ਅੰਦਰ ਧਰਤੀ

ਥਾਪਿ *(ਥਾਪ)* **ਰਖੀ** **ਧਰਮ ਸਾਲ** *(ਧਰਮਸ਼ਾਲ)* ॥
ਥਾਪ ਕੇ ਰੱਖਿਆ ਧਰਮਸ਼ਾਲਾ, ਧਰਮ ਕਮਾਣ ਦੀ ਥਾਂ

...ਇਨ੍ਹਾਂ ਸਭਨਾਂ ਵਿਚ ਧਰਮ ਕਮਾਉਣ ਲਈ, ਧਰਤੀ ਨੂੰ ਸਥਾਪਤ ਕਰਕੇ ਟਿਕਾਇਆ ਹੋਇਆ ਹੈ।

ਤਿਸੁ *(ਤਿਸ)* **ਵਿਚਿ,** *(ਵਿਚ)*
ਉਸ ਵਿਚ

ਜੀਅ *(ਜੀ ਅ)* **ਜੁਗਤਿ,** *(ਜੁਗਤ)* **ਕੇ** **ਰੰਗ** ॥
ਜੀਵ ਜੁਗਤ, ਤਰੀਕਾ ਦੇ ਰੰਗਾਂ ਢੰਗਾਂ ਦੇ

...ਉਸ (ਧਰਮਸ਼ਾਲ) ਵਿਚ ਕਈ ਰੰਗਾਂ ਢੰਗਾਂ ਦੇ ਜੀਵਾਂ (ਦੀ ਸਾਜਨਾ ਕਰਕੇ ਉਨ੍ਹਾਂ ਦੇ ਰਹਿਣ ਸਹਿਣ ਦੀ) ਜੁਗਤੀ (ਵੀ ਬਣਾ ਦਿੱਤੀ ਹੈ)।

ਤਿਨ *(ਤਿਨ੍ਹ)* **ਕੇ** **ਨਾਮ,** **ਅਨੇਕ** **ਅਨੰਤ** ॥
ਉਨ੍ਹਾਂ ਦੇ ਨਾਂ ਅਨੇਕਾਂ ਬੇਅੰਤ

...ਉਨ੍ਹਾਂ (ਸਾਜੇ ਹੋਏ) ਜੀਵਾਂ ਦੇ ਅਣਗਿਣਤ ਅਤੇ ਅਨੰਤ ਨਾਮ ਹਨ।...

ਕਰਮੀ *(ਕਰਮੀਂ)* **ਕਰਮੀ,** *(ਕਰਮੀਂ)*
ਕਰਮਾਂ ਅਨੁਸਾਰ

ਹੋਇ *(ਹੋਐ)* **ਵੀਚਾਰੁ** *(ਵੀਚਾਰ)* ॥
ਹੁੰਦਾ ਹੈ ਪਰਖ, ਵਿਚਾਰ ਵਟਾਂਦਰਾ

...(ਇਸ ਧਰਮਸ਼ਾਲ ਵਿਚ ਜੀਵਾਂ ਦੇ ਕੀਤੇ ਹੋਏ) ਕਰਮਾਂ ਅਨੁਸਾਰ ਹੀ (ਪਰਮਾਤਮ ਦੁਆਰ ਉੱਤੇ) ਉਨ੍ਹਾਂ ਦੀ ਪਰਖ ਜਾਂ ਉਨ੍ਹਾਂ ਬਾਰੇ ਵਿਚਾਰ ਵਟਾਂਦਰਾ ਹੁੰਦਾ ਹੈ।

ਸਚਾ *(ਸੱਚਾ)* **ਆਪਿ,** *(ਆਪ)*
ਸੱਚ, ਸਦਾ-ਸਥਿਰ ਆਪ

ਸਚਾ *(ਸੱਚਾ)* **ਦਰਬਾਰੁ** *(ਦਰਬਾਰ)* ॥
ਸੱਚਾ, ਅਟੱਲ ਦਰਬਾਰ, ਕਚਿਹਰੀ

...(ਕਰਤਾ-ਪੁਰਖ ਜੀ) ਆਪ ਸਦਾ ਸੱਚ ਹਨ, ਭਾਵ ਸਦਾ ਅਟੱਲ ਹਨ ਅਤੇ ਉਨ੍ਹਾਂ ਦਾ ਦਰਬਾਰ ਵੀ ਸਦਾ ਅਟੱਲ ਹੈ।

ਤਿਥੈ **ਸੋਹਨਿ,** *(ਸੋਹਨ)*
ਉੱਥੇ ਸੋਂਹਦੇ, ਸ਼ੋਭਨੀਕ ਹੁੰਦੇ

ਪੰਚ **ਪਰਵਾਣੁ** *(ਪਰਵਾਣ)* ॥
ਪੰਚ ਜਨ, ਪੁੱਗੇ ਹੋਏ ਪਰਵਾਨਿਤ, ਪਰਵਾਨ ਹੋਏ ਹੋਏ

...ਉਥੇ (ਪਰਮਤਾਮ-ਦਰ ਤੇ) ਪਰਵਾਨਿਤ ਪੰਚ-ਜਨ, ਭਾਵ ਗੁਰਮੁਖ, ਬ੍ਰਹਮ-ਗਿਆਨੀ ਸੁਸ਼ੋਭਿਤ ਹੁੰਦੇ ਹਨ।...

ਨਦਰੀ **ਕਰਮਿ,** *(ਕਰਮ)*
ਨਦਰ ਕਰਨ ਵਾਲੇ ਬਖਸ਼ਿਸ਼ ਦੁਆਰਾ

ਪਵੈ **ਨੀਸਾਣੁ** *(ਨੀਸ਼ਾਣ)* ॥
ਪੈਂਦਾ ਹੈ, ਲਗਦਾ ਹੈ (ਪਰਮਾਤਮ ਮਿਹਰ ਦਾ) ਚਿਨ੍ਹ

...(ਉਨ੍ਹਾਂ ਪੰਚ-ਜਨਾਂ ਦੇ ਮਸਤਕ ਤੇ) ਨਦਰ ਕਰਨ ਵਾਲੇ, ਵਾਹਿਗੁਰੂ ਦੀ ਬਖਸ਼ਿਸ਼ ਦੁਆਰਾ (ਪਰਮਾਤਮ-ਮਿਹਰ) ਦਾ ਚਿਨ੍ਹ ਲਗਦਾ ਹੈ।

ਕਚ *(ਕੱਚ)* **ਪਕਾਈ,**
ਕਚਿਆਈ ਪਕਿਆਈ

ਓਥੈ **ਪਾਇ** *(ਪਾਏ)* ॥
ਉਥੇ (ਪਰਮਾਤਮ ਦਰ ਦੇ) ਪਾਈ ਜਾਂਦੀ ਹੈ

...(ਕਰਮਾਂ ਦਾ ਸਰੂਪ ਇਥੇ ਮਲੂਮ ਨਹੀਂ ਹੁੰਦਾ, ਕੂੜਿਆਂ ਦੀ) ਕਚਿਆਈ ਅਤੇ (ਭਗਤ ਜਨਾਂ ਦੀ) ਪਕਿਆਈ ਦਾ ਨਿਰਣਾ ਪ੍ਰਭੂ ਦਰ ਤੇ ਜਾਕੇ ਹੁੰਦਾ ਹੈ।...

ਨਾਨਕ, **ਗਇਆ** *(ਗਏਆਂ)* **ਜਾਪੈ** **ਜਾਇ** *(ਜਾਏ)* ॥੩੪॥
ਹੇ ਨਾਨਕ! ਗਿਆਂ ਹੀ ਜਾਣਿਆ ਜਾਇਗਾ, ਲਗੇਗਾ

...ਹੇ ਨਾਨਕ! (ਪ੍ਰਭੂ-ਦਰ ਤੇ) ਪੁੱਜ ਕੇ ਹੀ ਜਾਣਿਆਂ ਜਾਏਗਾ, ਪਰਖਿਆ ਜਾਇਗਾ ਕਿ (ਕੌਣ ਖੋਟਾ ਅਤੇ ਕੌਣ ਖਰਾ ਹੈ)?

ਧਰਮ **ਖੰਡ** **ਕਾ,**
ਸਤਿ-ਸਾਧਨਾ ਭਾਗ, ਪੜਾ, ਮੰਜ਼ਿਲ ਦਾ

ਏਹੋ **ਧਰਮੁ** *(ਧਰਮ)* ॥
ਇਹੀ ਨਿਯਮ, ਵਿਧੀ-ਵਿਧਾਨ

ਧਰਮ ਦੀ ਕਮਾਈ, ਭਾਵ ਸਤਿ-ਸਾਧਨਾ ਕਰਨ ਵਾਲੇ ਖੰਡ (ਜਿਸਨੂੰ ਉਪਰਲੀ ਪਉੜੀ ਵਿਚ ਧਰਮਸ਼ਾਲ ਕਹਿ ਕੇ ਉਸਦਾ ਵਿਸਥਾਰ ਕੀਤਾ ਹੈ) ਦਾ ਇਹੋ ਹੀ ਵਿਧੀ-ਵਿਧਾਨ, ਭਾਵ ਮਰਿਯਾਦਾ ਹੈ।...

ਗਿਆਨ *(ਗੈਆਨ)* **ਖੰਡ** **ਕਾ,**
ਜਾਣਕਾਰੀ, ਬੋਧ ਭਾਗ, ਪੜਾ, ਮੰਜ਼ਿਲ ਦਾ

ਆਖਹੁ *(ਆਖੋਂ ਹ)* **ਕਰਮੁ** *(ਕਰਮ)* ॥
ਆਖਦਾ ਹਾਂ ਕੰਮ, ਵਰਤਾਰਾ, ਲੱਛਣ

...(ਹੁਣ ਮੈਂ ਪਰਮਾਤਮ) ਗਿਆਨ ਦੀ ਮੰਜ਼ਿਲ ਦੇ ਵਰਤਾਰੇ ਬਾਰੇ ਦਸਦਾ ਹਾਂ।...

ਕੇਤੇ, **ਪਵਣ** **ਪਾਣੀ** *(ਪਾਣੀਂ)* **ਵੈਸੰਤਰ,**
ਕਿਤਨੇ ਪਉਣ, ਹਵਾ ਜਲ(ਸਰੋਤ) ਅਗਨੀ

ਕੇਤੇ **ਕਾਨ** *(ਕਾਨ੍ਹ)* **ਮਹੇਸ** *(ਮਹੇਸ਼)* ॥
ਕਿਤਨੇ ਹੀ ਕਾਨ੍ਹ, ਕ੍ਰਿਸ਼ਨ ਸ਼ਿਵ

...ਕਿਤਨੇ ਹੀ ਪ੍ਰਕਾਰ ਦੀਆਂ ਪਉਣ, ਪਾਣੀ ਅਤੇ ਅਗਨੀਆਂ ਹਨ। ਅਣਗਿਣਤ ਹੀ ਕ੍ਰਿਸ਼ਨ ਅਤੇ ਸ਼ਿਵ ਹਨ।...

ਕੇਤੇ **ਬਰਮੇ,** *(ਬ੍ਰ ਹਮੇਂ)*
ਕਿਤਨੇ ਹੀ ਬ੍ਰਹਮੇ

ਘਾੜਤਿ **ਘੜੀਅਹਿ,** *(ਘੜੀਐਂ ਹ)*
ਘਾੜਤਾਂ, ਸ਼ਕਲਾਂ ਘੜੇ ਜਾ ਰਹੇ ਹਨ, ਬਣਾਏ ਜਾ ਰਹੇ ਹਨ

ਰੂਪ ਰੰਗ ਕੇ ਵੇਸ ॥
ਸੁੰਦਰਤਾ ਰੰਗ ਦੇ ਸਰੂਪ, ਸ਼ਕਲ

...ਅਣਗਿਣਤ ਹੀ ਬ੍ਰਹਮੇ ਹਨ, ਜਿਨ੍ਹਾਂ ਦੀਆਂ ਘਾੜਤਾਂ ਘੜੀਆਂ ਜਾ ਰਹੀਆਂ ਹਨ। ਜੋ ਵੰਨ ਸੁਵੰਨੇ ਰੂਪਾਂ, ਰੰਗਾਂ ਅਤੇ ਸਰੂਪਾਂ ਵਾਲੇ ਹਨ।...

ਕੇਤੀਆ *(ਕੇਤੀਆਂ)* **ਕਰਮ ਭੂਮੀ,** *(ਭੂਮੀਂ)*
ਕਿਤਨੀਆਂ *ਸ਼ੁਭ ਕਰਮ ਕਰਨ ਵਾਲੀਆਂ ਧਰਤੀਆਂ*

ਮੇਰ ਕੇਤੇ,
ਸੁਮੇਰ ਪਰਬਤ/ਪਹਾੜ ਕਿਤਨੇ ਹੀ

ਕੇਤੇ ਧੂ ਉਪਦੇਸ *(ਉਪਦੇਸ਼)* **॥**
ਕਿਤਨੇ ਹੀ ਧਰੂ ਭਗਤ ਸਿਖਿਆ

...ਅਣਗਿਣਤ ਹੀ ਕਰਮ-ਭੂਮੀਆਂ ਹਨ, ਅਨੇਕਾਂ ਹੀ ਸੁਮੇਰ ਪਰਬਤ ਹਨ, ਅਤੇ ਅਣਗਿਣਤ ਹੀ ਧਰੂ (ਵਰਗੇ ਬ੍ਰਹਮ-ਗਿਆਨੀ) ਹਨ ਅਤੇ ਅਣਗਿਣਤ ਹੀ (ਉਨ੍ਹਾਂ ਭਗਤ ਜਨਾਂ ਦੀਆਂ) ਸਿਖਿਆਵਾਂ ਹਨ।...

ਕੇਤੇ ਇੰਦ, ਚੰਦ ਸੂਰ ਕੇਤੇ,
ਕਿਤਨੇ ਹੀ ਇੰਦਰ ਚੰਦਰਮਾ ਸੂਰਜ ਕਿਤਨੇ ਹੀ

ਕੇਤੇ ਮੰਡਲ ਦੇਸ *(ਦੇਸ਼)* **॥**
ਕਿਤਨੇ ਮੰਡਲ, ਇਕ ਭੂਗੋਲਿਕ ਇਕਾਈ ਦੇਸ਼, ਲੋਕ,ਖੰਡ

...ਅਣਗਿਣਤ ਹੀ ਮੀਂਹ ਪਵਉਣ ਵਾਲੇ ਇੰਦਰ ਦੇਵਤੇ, ਚੰਦਰਮਾ

ਅਤੇ ਸੂਰਜ ਹਨ। ਕਿਤਨੇ ਹੀ ਮੰਡਲ ਅਤੇ ਹੋਰ ਦੇਸ਼ ਹਨ।...

ਕੇਤੇ	**ਸਿਧ**	**ਬੁਧ,** *(ਬੁੱਧ)*	**ਨਾਥ**
ਕਿਤਨੇ ਹੀ	ਸਿੱਧੀਆਂ ਪ੍ਰਾਪਤ ਸਿੱਧ	ਮਹਾਤਮਾ ਬੁੱਧ	ਜੋਗ ਧਰਮ ਦੇ ਆਚਾਰੀਆ

ਕੇਤੇ,	**ਕੇਤੇ**	**ਦੇਵੀ** *(ਦੇਵੀਂ)*	**ਵੇਸ ॥**
ਕਿਤਨੇ ਹੀ	ਕਿਤਨੇ ਹੀ	ਦੇਵੀਆਂ ਦੇ	ਸਰੂਪ, ਮੂਰਤਾਂ

...ਅਣਗਿਣਤ ਹੀ ਸਿੱਧ, ਮਹਾਤਮਾ ਬੁੱਧ, ਜੋਗ ਧਰਮ ਦੇ ਨਾਥ ਹਨ। ਦੇਵੀਆਂ ਦੇ ਅਣਗਿਣਤ ਹੀ ਸਰੂਪ ਹਨ।...

ਕੇਤੇ	**ਦੇਵ**	**ਦਾਨਵ,**	**ਮੁਨਿ** *(ਮੁਨ)*	**ਕੇਤੇ,**
ਕਿਤਨੇ ਹੀ	ਦੇਵਤੇ	ਦੈਂਤ, ਰਾਖਸ਼	ਰਿਸ਼ੀ ਮੁਨੀ	ਕਿਤਨੇ ਹੀ

ਕੇਤੇ	**ਰਤਨ**	**ਸਮੁੰਦ ॥**
ਕਿਤਨੇ ਹੀ	ਚੌਦਾਂ ਰਤਨ	ਸਾਗਰ, ਸਮੁੰਦਰ

...ਅਣਗਿਣਤ ਹੀ ਦੇਵਤੇ, ਰਾਖਸ਼ ਅਤੇ ਰਿਸ਼ੀ-ਮੁਨੀ ਹਨ। ਅਣਗਿਣਤ ਹੀ ਸਾਗਰ ਹਨ ਅਤੇ ਉਨ੍ਹਾਂ ਵਿਚ ਪਏ ਹੋਏ, ਅਣਗਿਣਤ ਹੀ ਰਤਨ (ਭਾਵ ਕੀਮਤੀ ਵਸਤੂਆਂ) ਹਨ।...

ਕੇਤੀਆ *(ਕੇਤੀਆਂ)*	**ਖਾਣੀ** *(ਖਾਣੀਂ)*
ਕਿਤਨੀਆਂ ਹੀ	ਖਾਣੀਆਂ(ਅੰਡਜ,ਜੇਰਜ, ਸੇਤਜ,ਉਤਭੁਜ)

ਕੇਤੀਆ *(ਕੇਤੀਆਂ)*	**ਬਾਣੀ,** *(ਬਾਣੀਂ)*
ਕਿਤਨੀਆਂ	ਬਾਣੀਆਂ, ਬੋਲੀਆਂ, ਅਵਾਜ਼ਾਂ

ਕੇਤੇ **ਪਾਤ** **ਨਰਿੰਦ ॥**
ਕਿਤਨੇ ਹੀ ਪਾਤਸ਼ਾਹ ਰਾਜੇ

...ਅਣਗਿਣਤ ਹੀ ਖਾਣੀਆਂ ਹਨ, ਜੀਵਾਂ ਦੀਆਂ ਅਣਗਿਣਤ ਹੀ ਬੋਲੀਆਂ ਅਤੇ ਅਵਾਜ਼ਾਂ ਹਨ। ਬੇਅੰਤ ਹੀ ਰਾਜੇ ਅਤੇ ਪਾਤਸ਼ਾਹ ਹਨ।...

ਕੇਤੀਆ *(ਕੇਤੀਆਂ)* **ਸੁਰਤੀ,** *(ਸੁਰਤੀਂ)*
ਕਿਤਨੀਆਂ ਹੀ ਧਿਆਨ, ਸਮਾਧੀਆਂ

ਸੇਵਕ **ਕੇਤੇ,**
ਸੇਵਾ ਕਰਨ ਵਾਲੇ ਕਿਤਨੇ ਹੀ

ਨਾਨਕ, **ਅੰਤੁ** *(ਅੰਤ)* **ਨ** *(ਨਾਂ)* **ਅੰਤੁ** *(ਅੰਤ)* **॥੩੫॥**
ਹੇ ਨਾਨਕ! ਅਖੀਰ ਨਹੀਂ ਅਖੀਰ

...ਅਣਗਿਣਤ ਹੀ ਪ੍ਰਕਾਰ ਦੇ ਧਿਆਨ ਅਥਵਾ ਸਮਾਧੀਆਂ ਹਨ ਅਤੇ ਸੇਵਕ ਹਨ। ਹੇ ਨਾਨਕ! ਇਸ ਅਨੰਤ ਵਿਸਥਾਰ ਦਾ ਕੋਈ ਅੰਤ ਨਹੀਂ।

ਗਿਆਨ *(ਗੵਆਨ)* **ਖੰਡ** **ਮਹਿ,** *(ਮੈਂਹ)*
ਪਰਮਤਾਮ-ਬੋਧ ਦੀ ਮੰਜ਼ਿਲ ਵਿਚ

ਗਿਆਨੁ *(ਗੵਆਨ)* **ਪਰਚੰਡੁ** *(ਪਰਚੰਡ)* **॥**
(ਪਰਮਾਤਮ) ਬੋਧ ਪ੍ਰਬਲ, ਤੇਜਵਾਨ, ਤੀਬਰ

(ਜਦੋਂ ਧਰਮ-ਸਾਧਕ) ਪਰਮਾਤਮ-ਬੋਧ (ਭਾਵ ਗਿਆਨ-ਖੰਡ) ਦੀ ਮੰਜ਼ਿਲ ਵਿਚ ਪਰਵੇਸ਼ ਕਰਦਾ ਹੈ, ਤਾਂ ਉਸਦਾ ਪਰਮਾਤਮ-ਗਿਆਨ

ਬਹੁਤ ਪ੍ਰਚੰਡ ਅਥਵਾ ਤੇਜਸ੍ਵੀ ਹੋ ਜਾਂਦਾ ਹੈ, (ਅਤੇ ਸਾਧਨਾ ਦੇ ਪ੍ਰਕਾਸ਼ ਵਿਚ ਧਰਮ-ਸਾਧਕ ਨੂੰ ਉਪਰੋਕਤ ਸਾਰੇ ਵਿਸਥਾਰ ਦੀ ਸੋਝੀ ਹੋ ਜਾਂਦੀ ਹੈ।...

ਤਿਥੈ **ਨਾਦ** **ਬਿਨੋਦ**
ਉਥੇ ਇਲਾਹੀ ਧੁਨੀਆਂ (ਪਰਮਾਤਮ) ਕੌਤਕ

ਕੋਡ **ਅਨੰਦੁ** *(ਅਨੰਦ)* ॥
ਕਰੋੜਾਂ ਹੀ ਖ਼ੁਸ਼ੀਆਂ

...(ਪਰਮਾਤਮ) ਗਿਆਨ ਦੇ ਖੰਡ ਵਿਚ ਅਣਗਿਣਤ ਹੀ ਇਲਾਹੀ ਧੁਨੀਆਂ, ਪਰਮਾਤਮ-ਕੌਤਕ ਅਤੇ ਕਰੋੜਾਂ ਹੀ ਖ਼ੁਸ਼ੀਆਂ (ਦਾ ਅਨੁਭਵ, ਧਰਮ-ਸਾਧਕ ਨੂੰ ਹੁੰਦਾ ਹੈ)।...

ਸਰਮ *(ਸ਼੍ਰਮ)* **ਖੰਡ** **ਕੀ**
(ਰੂਹਾਨੀ) ਉੱਦਮ, ਧਰਮ ਸਾਧਨਾ ਭਾਗ, ਪੜਾ, ਮੰਜ਼ਿਲ ਦੀ

ਬਾਣੀ *(ਬਾਣੀਂ)* **ਰੂਪੁ** *(ਰੂਪ)* ॥
ਬਣਾਵਟ, ਬਣਤਰ ਰੂਹਾਨੀ ਸੁੰਦਰਤਾ, ਆਤਮਿਕ ਸੁਹਜ

...ਰੂਹਾਨੀ ਧਰਮ-ਸਾਧਨਾ ਦੀ ਮੰਜ਼ਿਲ ਤੇ (ਧਰਮ-ਸਾਧਕ ਦੀ ਜੀਵਨ ਜਾਚ ਦੀ) ਬਣਤਰ, ਸੁੰਦਰ ਅਥਵਾ ਆਤਮਿਕ-ਸੁਹਜ (ਵਾਲੀ ਹੋ ਜਾਂਦੀ ਹੈ)।...

ਤਿਥੈ **ਘਾੜਤਿ** *(ਘਾੜਤ)* **ਘੜੀਐ,**
ਉਥੇ ਬਨਾਵਟ, ਸ਼ਕਲ ਘੜੀ ਜਾਂਦੀ ਹੈ

ਬਹੁਤੁ *(ਬ ਹੌਤ)* **ਅਨੂਪੁ** *(ਅਨੂਪ)* ॥
ਅਤਿਅੰਤ ਅਨੂਪਮ, ਬੇਮਿਸਾਲ

...ਉਥੇ (ਸ਼੍ਰਮ ਖੰਡ ਵਿਚ) ਧਰਮ-ਸਾਧਕ ਦੀ (ਧਰਮ-ਸਾਧਨਾ ਰਾਹੀਂ) ਅਤਿਅੰਤ ਹੀ ਅਲੌਕਿਕ ਅਤੇ ਬੇਮਿਸਾਲ ਘਾੜਤ ਘੜੀ ਜਾਂਦੀ ਹੈ।...

ਤਾ **ਕੀਆ** *(ਕੀਆਂ)* **ਗਲਾ,** *(ਗੱਲਾਂ)*
ਉਥੋਂ ਦੀਆਂ ਗਲਾਂ, ਵੇਰਵਾ

ਕਥੀਆ *(ਕਥੀਆਂ)* **ਨਾ** *(ਨਾਂ)* **ਜਾਹਿ** *(ਜਾ ਹੇਂ)* ॥
ਵਿਚਾਰੀਆਂ, ਕਹੀਆਂ ਨਹੀਂ ਜਾਂਦੀਆਂ

...(ਸ਼੍ਰਮ ਖੰਡ ਵਾਲੀ ਅਨੂਪਮ ਅਵਸਥਾ ਦੀ ਮਹਿਮਾ ਵਾਲੀਆਂ) ਉਥੋਂ ਦੀਆਂ ਗਲਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ।...

ਜੇ **ਕੋ** **ਕਹੈ**
ਜੇਕਰ ਕੋਈ ਆਖਦਾ ਹੈ, ਕਰਦਾ ਹੈ

ਪਿਛੈ **ਪਛੁਤਾਇ** *(ਪਛੁਤਾਏ)* ॥
ਪਿਛੋਂ ਪਛਤਾਉਂਦਾ ਹੈ

..ਜੇਕਰ ਕੋਈ (ਸ਼੍ਰਮ ਖੰਡ ਦੀ ਇਸ ਅਤਿਅੰਤ ਅਲੌਕਿਕ ਅਵਸਥਾ ਦਾ ਬਿਆਨ) ਕਰਨ (ਦਾ ਯਤਨ ਕਰਦਾ) ਹੈ ਤਾਂ (ਪੂਰੀ ਤਰ੍ਹਾਂ ਬਿਆਨ ਨਾ ਕਰਨ ਕਰਕੇ) ਪਿਛੋਂ ਪਛਤਾਉਂਦਾ ਹੈ।...

ਤਿਥੈ **ਘੜੀਐ,**
ਉਥੇ ਘੜੀ ਜਾਂਦੀ ਹੈ

ਸੁਰਤਿ *(ਸੁਰਤ)* **ਮਤਿ** *(ਮਤ)* **ਮਨਿ** *(ਮਨ)* **ਬੁਧਿ** *(ਬੁੱਧ)* ॥
ਸੁਰਤੀ-ਬਿਰਤੀ ਸਮਝ ਮਨ,ਚਿੱਤ ਬੁੱਧੀ

...ਉਥੇ (ਸ਼੍ਰਮ ਖੰਡ ਦੀ ਅਵਸਥਾ ਵਿਚ ਧਰਮ-ਸਾਧਕ ਦੀ) ਸੁਰਤੀ ਬਿਰਤੀ, ਸਮਝ, ਚਿੱਤ ਅਤੇ ਬੁੱਧੀ ਨੂੰ (ਨਵੇਂ ਸਿਰਿਉਂ) ਘੜਿਆ ਜਾਂਦਾ ਹੈ। (ਭਾਵ ਧਰਮ ਸਾਧਕ ਦੀਆਂ ਇਨ੍ਹਾਂ ਗਿਆਨ ਇੰਦਰੀਆਂ ਦਾ ਨਵ-ਨਿਰਮਾਣ ਹੋ ਜਾਂਦਾ ਹੈ। ਇਨ੍ਹਾਂ ਨੂੰ ਨਵੇਂ ਸਿਰਿਉਂ ਢਾਲਿਆ ਜਾਂਦਾ ਹੈ)।...

ਤਿਥੈ **ਘੜੀਐ,** **ਸੁਰਾ** *(ਸੁਰਾਂ)*
ਉਥੇ ਘੜੀ ਜਾਂਦੀ ਹੈ ਦੇਵਤਿਆਂ

ਸਿਧਾ *(ਸਿੱਧਾਂ)* **ਕੀ** **ਸੁਧਿ** *(ਸੁੱਧ)* ॥੩੬॥
ਸਿੱਧਾਂ, ਸਿੱਧੀਵਾਨਾਂ ਵਾਲੀ ਅਕਲ

...ਉਥੇ (ਧਰਮ ਸਾਧਕ ਦੀ) ਸੁਧ ਭਾਵ ਸੂਝ ਬੂਝ ਦੇਵਤਿਆਂ ਅਤੇ ਸਿਧੀਵਾਨ ਪੁਰਸ਼ਾਂ ਵਰਗੀ ਘੜੀ ਜਾਂਦੀ ਹੈ। (ਭਾਵ ਉਨ੍ਹਾਂ ਦੀ ਆਤਮਿਕ ਅਵਸਥਾ ਬਹੁਤ ਉਚੇਰੇ ਵਿਵੇਕਵਾਨ-ਪੁਰਸ਼ਾਂ ਵਰਗੀ ਹੋ ਜਾਂਦੀ ਹੈ।...

ਕਰਮ **ਖੰਡ** **ਕੀ,**
ਬਖਸ਼ਿਸ਼, ਮਿਹਰ ਭਾਗ, ਪੜਾ, ਮੰਜ਼ਿਲ ਦੀ

ਬਾਣੀ *(ਬਾਣੀਂ)* **ਜੋਰੁ** *(ਜ਼ੋਰ)* ॥
ਬਣਾਵਟ ਬਲ, ਅਧਿਆਤਮਕ ਸ਼ਕਤੀ

...(ਪਰਮਾਤਮ) ਬਖਸ਼ਿਸ਼ ਦੇ ਖੰਡ ਵਿਚਲੇ (ਧਰਮ-ਸਾਧਕ ਦੀ) ਬਣਾਵਟ ਅਥਵਾ ਸਰੂਪ, ਬਹੁਤ ਬਲ ਵਾਲਾ ਭਾਵ ਅਧਿਆਤਮਕ

ਸ਼ਕਤੀ ਵਾਲਾ ਹੁੰਦਾ ਹੈ।...

ਤਿਥੈ, **ਹੋਰੁ** *(ਹੋਰ)* **ਨ** *(ਨਾਂ)* **ਕੋਈ** **ਹੋਰੁ** *(ਹੋਰ)* **॥**
ਉਥੇ ਕੋਈ ਦੂਜਾ ਨਹੀਂ ਕੋਈ ਕੋਈ ਦੂਸਰਾ

...ਉਥੇ (ਇਸ ਬਖਸ਼ਿਸ਼ ਦੀ ਅਵਸਥਾ ਵਿਚ ਧਰਮ-ਸਾਧਕ ਦੇ ਹਿਰਦੇ ਅੰਦਰ ਪਰਮਾਤਮਾ ਤੋਂ ਸਿਵਾਇ) ਹੋਰ ਕੋਈ ਦੂਸਰਾ ਨਹੀਂ ਹੁੰਦਾ।...

ਤਿਥੈ, **ਜੋਧ** **ਮਹਾਬਲ** *(ਮਹਾਂਬਲ)* **ਸੂਰ ॥**
ਉਥੇ ਜੋਧੇ (ਅਧਿਆਤਮਕ ਤੌਰ ਤੇ) ਅਤਿਅੰਤ ਬਲੀ ਸੂਰਬੀਰ

...ਉਥੇ (ਇਸ ਬਖਸ਼ਿਸ਼ ਵਾਲੀ ਮੰਜ਼ਿਲ ਤੇ ਅਧਿਆਤਮਕ-ਅਵਸਥਾ ਦੀਆਂ ਸਿਖਰਾਂ ਨੂੰ ਛੂਹਣ ਵਾਲੇ ਮਹਾਂ-ਸਾਧਕ) ਅਤਿਅੰਤ ਬਲੀ, ਜੋਧੇ ਅਤੇ ਸੂਰਬੀਰ ਹੁੰਦੇ ਹਨ।...

ਤਿਨ *(ਤਿਨ੍ਹ)* **ਮਹਿ,** *(ਮੈਂਹ)* **ਰਾਮੁ** *(ਰਾਮ)*
ਤਿਨ੍ਹਾਂ ਵਿਚ ਰਮਿਆ ਹੋਇਆ, ਪ੍ਰਭੂ

ਰਹਿਆ *(ਰੈਹਆ)* **ਭਰਪੂਰ ॥**
ਵਸਿਆ ਪੂਰਨ ਰੂਪ ਵਿਚ, ਪਰਿਪੂਰਨ

...ਤਿਨ੍ਹਾਂ (ਮਹਾਂ ਧਰਮ-ਸਾਧਕਾਂ ਦੇ ਹਿਰਦਿਆਂ) ਵਿਚ ਪਰਮਾਤਮਾ, ਪੂਰਨ ਰੂਪ ਵਿਚ ਵਸਿਆ ਹੁੰਦਾ ਹੈ।...

ਤਿਥੈ, **ਸੀਤੋ** **ਸੀਤਾ,**
ਉਥੇ ਪਰੋਇਆ ਸੀਤਾ ਹੋਇਆ, ਜੁੜਿਆ ਹੋਇਆ, ਲੀਨ

ਮਹਿਮਾ *(ਮੈ ਹਮਾਂ)* **ਮਾਹਿ** *(ਮਾ ਹੇਂ)* ॥
ਉਸਤਤ, ਸਿਫ਼ਤ ਸਲਾਹ ਵਿਚ

...ਉਥੇ (ਵਾਹਿਗੁਰੂ ਦੀ ਬਖ਼ਸ਼ਿਸ਼ ਵਾਲੇ ਧਰਮ-ਸਾਧਕ) ਪਰਮਾਤਮਾ ਦੀ ਸਿਫ਼ਤ ਸਲਾਹ ਅੰਦਰ ਪੂਰਨ ਰੂਪ ਵਿਚ, ਪਰੋਤੇ ਹੋਏ ਭਾਵ ਅਭੇਦ ਹੁੰਦੇ ਹਨ।...

ਤਾ *(ਤਾਂ)* **ਕੇ** **ਰੂਪ,**
ਉਨ੍ਹਾਂ ਦੇ (ਤੇਜਸ੍ਵੀ) ਸਰੂਪ

ਨ *(ਨਾਂ)* **ਕਥਨੇ** *(ਕਥਨੇਂ)* **ਜਾਹਿ** *(ਜਾ ਹੇਂ)* ॥
ਨਹੀਂ ਕਥੇ, ਆਖੇ ਜਾ ਸਕਦੇ

...ਉਨ੍ਹਾਂ (ਅਧਿਆਤਮਿਕ ਬਖ਼ਸ਼ਿਸ਼ਾਂ ਵਾਲੇ ਮਹਾਂ-ਸਾਧਕਾਂ ਦੇ) ਤੇਜਸ੍ਵੀ ਸਰੂਪ ਨੂੰ ਕਥਿਆ ਨਹੀਂ ਜਾ ਸਕਦਾ।

ਨਾ *(ਨਾਂ)* **ਓਹਿ** *(ਓਹ)* **ਮਰਹਿ,** *(ਮਰੈਂ ਹ)*
ਨਹੀਂ ਉਹ ਮਰਦੇ

ਨ *(ਨਾਂ)* **ਠਾਗੇ** **ਜਾਹਿ** *(ਜਾ ਹੇਂ)* ॥
ਨਾ ਹੀ ਠੱਗੇ ਜਾਂਦੇ

ਜਿਨ *(ਜਿਨ੍ਹ)* **ਕੈ,** **ਰਾਮੁ** *(ਰਾਮ)*
ਜਿਨ੍ਹਾਂ ਦੇ ਰਮਿਆ ਹੋਇਆ,ਪਰਮਾਤਮਾ

ਵਸੈ **ਮਨ** **ਮਾਹਿ** *(ਮਾ ਹੇਂ)* ॥
ਵਸਦਾ ਹੈ ਚਿੱਤ ਵਿਚ

...(ਪਰਮਾਤਮ ਬਖਸ਼ਿਸ਼ ਵਾਲੇ ਮਹਾਂ-ਸਾਧਕ) ਜਿਨ੍ਹਾਂ ਦੇ ਚਿੱਤ ਵਿਚ ਪਰਮਾਤਮਾ ਵਸਦਾ ਹੈ, ਨਾਂ ਹੀ ਉਹ (ਆਤਮਿਕ ਮੌਤ) ਮਰਦੇ ਹਨ ਅਤੇ ਨਾ ਹੀ (ਮਾਇਆ ਹੱਥੋਂ) ਠੱਗੇ ਭਾਵ ਛਲੇ ਜਾਂਦੇ ਹਨ।...

ਤਿਥੈ **ਭਗਤ** **ਵਸਹਿ** *(ਵਸੈਂ ਹ)*
ਉਥੇ ਭਗਤ ਜਨ(ਮਹਾਂ ਸਾਧਕ) ਵਸਦੇ ਹਨ

ਕੇ **ਲੋਅ** *(ਲੋ ਅ)* ॥
ਕਿੰਨੇ ਹੀ ਭਵਣ, ਲੋਕ

...(ਅਕਾਲ ਪੁਰਖ ਦੀ ਇਸ ਮਿਹਰ ਵਾਲੀ ਅਵਸਥਾ ਵਿਚ) ਅਣਗਿਣਤ ਹੀ ਭਵਣਾਂ ਦੇ (ਮਹਾਂ-ਸਾਧਕ) ਭਗਤ-ਜਨ ਵਸਦੇ ਹਨ।...

ਕਰਹਿ *(ਕਰੈਂ ਹ)* **ਅਨੰਦੁ,** *(ਅਨੰਦ)*
ਕਰਦੇ ਹਨ ਅਧਿਆਤਮਕ ਖੁਸ਼ੀਆਂ, ਖੇੜੇ

ਸਚਾ *(ਸੱਚਾ)* **ਮਨਿ** *(ਮਨ)* **ਸੋਇ** *(ਸੋ ਏ)* ॥
ਸੱਤ ਸਰੂਪ ਪਰਮਾਤਮਾ ਚਿੱਤ ਵਿਚ ਸੋਈ, ਉਹ

...(ਅਜਿਹੇ ਭਗਤ-ਜਨ) ਸਦਾ ਅਧਿਆਤਮਕ ਖਿੜਾਓ (ਨਦਰੀ ਨਦਰਿ ਨਿਹਾਲ) ਵਾਲੀ ਅਵਸਥਾ ਵਿਚ ਰਹਿੰਦੇ ਹਨ (ਕਿਉਂਕਿ) ਉਨ੍ਹਾਂ ਦੇ ਚਿੱਤ ਵਿਚ ਸਦਾ ਸੱਤ-ਸਰੂਪ ਪਰਮਾਤਮਾ (ਨਿਵਾਸ) ਕਰਦਾ ਹੈ।...

ਸਚ *(ਸੱਚ)* **ਖੰਡਿ,** *(ਖੰਡ)*
ਸੱਤ,(ਮਹਾਂ ਵਿਗਾਸ) ਭਾਗ, ਪੜਾ, ਮੰਜ਼ਿਲ

ਵਸੈ **ਨਿਰੰਕਾਰੁ** *(ਨਿਰੰਕਾਰ)* ॥
ਵਸਦਾ ਹੈ ਅਕਾਰ ਰਹਿਤ ਪ੍ਰਭੂ

...(ਸਚਿਆਰ ਹੋਣ ਦੀ ਯਾਤਰਾ ਦੇ ਮਹਾਂ-ਵਿਗਾਸ ਵਾਲੀ ਇਸ ਅੰਤਿਮ) ਸੱਤ-ਅਵਸਥਾ ਵਿਚ (ਮਹਾਂ-ਸਾਧਕ ਦੇ ਸਾਧਨਾ ਦੇ ਪ੍ਰਕਾਸ਼ ਨਾਲ ਸ਼ੁੱਧ ਹੋਏ ਹਿਰਦੇ ਅੰਦਰ ਉਹ) ਨਿਰੰਕਾਰ ਆਪ ਆਪਣਾ ਵਾਸਾ ਕਰ ਲੈਂਦਾ ਹੈ...

ਕਰਿ *(ਕਰ)* **ਕਰਿ** *(ਕਰ)* **ਵੇਖੈ,**
ਬਣਾ ਬਣਾ ਕੇ ਵੇਖਦਾ ਹੈ, ਸੰਭਾਲ ਕਰਦਾ ਹੈ

ਨਦਰਿ *(ਨਦਰ)* **ਨਿਹਾਲ** *(ਨੈਹਾਲ)* ॥
ਨਜ਼ਰ ਨਾਲ ਪ੍ਰਸੰਨ, ਅਨੰਦਿਤ

...(ਜਿਹੜਾ ਨਿਰੰਕਾਰ ਸ੍ਰਿਸ਼ਟੀ ਨੂੰ) ਰਚਕੇ ਆਪਣੀ ਨਿਹਾਲ ਕਰਨ ਵਾਲੀ ਨਜ਼ਰ ਰਾਹੀਂ ਸਾਂਭ-ਸੰਭਾਲ ਕਰ ਰਿਹਾ ਹੈ...

ਤਿਥੈ **ਖੰਡ** **ਮੰਡਲ** **ਵਰਭੰਡ** ॥
ਉਥੇ ਭਵਣ ਭੂਗੋਲਿਕ ਇਕਾਈ ਬ੍ਰਹਿਮੰਡ

...(ਉਸ ਦੀ ਮਿਹਰ ਰਾਹੀਂ) ਉਥੇ (ਭਾਵ ਧਰਮ-ਸਾਧਕ ਨੂੰ ਸਚਿਆਰ ਹੋਣ ਦੀ ਉਸ ਅਵਸਥਾ ਵਿਚ) ਸਮੂਹ ਖੰਡ, ਮੰਡਲ ਅਤੇ (ਕਰਤਾ-ਪੁਰਖ ਦੀ) ਬ੍ਰਹਿਮੰਡੀ ਰਚਨਾ ਦੀ (ਅਨੰਤਤਾ ਦਾ ਅਨੁਭਵ ਅਥਵਾ ਅੰਤਰ-ਗਿਆਨ ਹੋ ਜਾਂਦਾ ਹੈ)।...

ਜੇ **ਕੋ** **ਕਥੈ,**
ਜੇਕਰ ਕੋਈ ਕਥਦਾ ਹੈ

ਤ *(ਤਾਂ)* **ਅੰਤ** **ਨ** *(ਨਾਂ)* **ਅੰਤ ॥**
ਤਾਂ ਅਖੀਰ ਨਹੀਂ ਅਖੀਰ

...ਜੇਕਰ ਕੋਈ (ਸਚਿਆਰ ਪੁਰਸ਼, ਅਭੇਦਤਾ ਦੀ ਅਵਸਥਾ ਵਿਚ ਉਸ ਅਨੰਤ ਪ੍ਰਭੂ ਦੀ ਅਨੰਤਤਾ ਦੇ ਅਨੁਭਵਾਂ) ਨੂੰ ਵਰਨਣ ਕਰਨਾ ਚਾਹੇ ਤਾਂ (ਉਸ ਕੋਲੋਂ ਇਸ ਅਕੱਥ ਕਥਾ ਦਾ ਕੋਈ) ਅੰਤ ਨਹੀਂ ਹੋ ਸਕੇਗਾ।...

ਤਿਥੈ **ਲੋਅ** *(ਲੋ ਅ)* **ਲੋਅ** *(ਲੋ ਅ)* **ਆਕਾਰ ॥**
ਉਥੇ ਭਵਣ ਭਵਣ ਸ਼ਕਲਾਂ, ਉਨ੍ਹਾਂ ਵਿਚ ਬਣੀਆਂ ਹੋਈਆਂ ਵਸਤੂਆਂ

...(ਸਚਿਆਰ ਪੁਰਸ਼ ਨੂੰ) ਉਸ ਅਵਸਥਾ ਵਿਚ ਵੱਖੋ ਵੱਖਰੇ ਭਵਨਾਂ ਵਿਚ ਬਣੀਆਂ ਹੋਈਆਂ ਵਸਤੂਆਂ ਦੇ ਸੱਚ ਦਾ ਅਹਿਸਾਸ ਵੀ ਹੋ ਜਾਂਦਾ ਹੈ)।...

ਜਿਵ **ਜਿਵ** **ਹੁਕਮੁ,** *(ਹੁਕਮ)*
ਜਿਵੇਂ ਜਿਵੇਂ ਹੁਕਮ, ਰਜ਼ਾ

ਤਿਵੈ *(ਤਿਵੈਂ)* **ਤਿਵ** **ਕਾਰ ॥**
ਤਿਵੇਂ ਤਿਵੇਂ ਪ੍ਰਬੰਧ,ਕਾਰਵਾਈ

...(ਮਹਾਂ-ਸਾਧਕ ਨੂੰ ਇਸ ਅਵਸਥਾ ਵਿਚ ਇਹ ਵੀ ਅਨੁਭਵ ਹੋ ਜਾਂਦਾ ਹੈ ਕਿ ਪਰਮਾਤਮਾ ਆਪਣੇ) ਹੁਕਮ ਅਨੁਸਾਰ ਜਿਵੇਂ ਜਿਵੇਂ ਵੀ (ਇਸ ਬ੍ਰਹਿਮੰਡ ਦਾ ਕਾਰ-ਵਿਹਾਰ ਚਲਾ ਰਿਹੈ) ਤਿਵੇਂ ਤਿਵੇਂ ਹੀ (ਈਸ਼ਵਰੀ-ਵਿਧਾਨ ਰਾਹੀਂ) ਇਹ ਸਾਰਾ ਨਿਜ਼ਾਮ ਚਲ ਰਿਹਾ ਹੈ।...

ਵੇਖੈ **ਵਿਗਸੈ,**
ਵੇਖਦਾ ਹੈ, ਨਿਹਾਰਦਾ ਹੈ ਵਿਗਸਦਾ ਹੈ, ਅਨੰਦਿਤ ਹੁੰਦਾ ਹੈ

ਕਰਿ *(ਕਰ)* **ਵੀਚਾਰੁ** *(ਵੀਚਾਰ)*
ਕਰਕੇ ਵਿਚਾਰ

...(ਇਸ ਅਵਸਥਾ ਵਿਚ ਜਾਕੇ ਸਚਿਆਰ-ਪੁਰਸ਼ਾਂ ਨੂੰ ਇਹ ਵੀ ਅੰਤਰ ਗਿਆਨ ਹੋ ਜਾਂਦਾ ਹੈ ਕਿ ਪਰਮ ਪਿਤਾ ਪਰਮਾਤਮਾ, ਸਭ ਸ੍ਰਿਸ਼ਟੀ ਨੂੰ) ਵਿਚਾਰ ਪੂਰਵਕ ਵੇਖਦਾ ਹੋਇਆ ਭਾਵ ਸੰਭਾਲ ਕਰਦਾ ਹੋਇਆ ਅਨੰਦਿਤ ਹੁੰਦਾ ਹੈ।...

ਨਾਨਕ, **ਕਥਨਾ** *(ਕਥਨਾਂ)* **ਕਰੜਾ** **ਸਾਰੁ** *(ਸਾਰ)* **॥੩੭॥**
ਹੇ ਨਾਨਕ ! ਕਥਨ ਕਰਨਾ ਔਖਾ ਲੋਹੇ

...ਹੇ ਨਾਨਕ ! (ਇਸ ਸੱਚ-ਖੰਡੀ ਅਵਸਥਾ) ਦਾ ਬਿਆਨ ਕਰਨਾ ਲੋਹੇ ਵਰਗਾ ਕਠਨ ਹੈ, ਭਾਵ ਅਤਿ ਬਿਖਮ ਕਾਰਜ ਹੈ।

ਜਤੁ *(ਜਤ)*
ਸਰੀਰਕ ਇੰਦ੍ਰਿਆਂ ਸੰਜਮ ਵਿਚ ਲਿਆਣ ਦਾ ਗੁਣ

ਪਾਹਾਰਾ,
ਸੁਨਿਆਰ ਦੀ ਭੱਠੀ, ਜਿਥੇ ਸੁਨਿਆਰਾ ਬਹਿ ਕੇ ਕੰਮ ਕਰਦਾ ਹੈ

ਧੀਰਜੁ *(ਧੀਰਜ)* **ਸੁਨਿਆਰੁ** *(ਸੁ ^ਨੈਆਰ)* **॥**
ਸਬਰ, ਸਹਿਜ ਸੁਨਿਆਰਾ

(ਜੇ ਧਰਮ-ਸਾਧਕ ਦੀ) ਜਤ ਰੂਪੀ ਭੱਠੀ ਹੋਵੇ, ਸਬਰ ਅਤੇ ਸਹਿਜ ਸੁਨਿਆਰਾ ਹੋਵੇ...

ਅਹਰਣਿ *(ਐਂ ਹਰਣ)*
ਅਹਿਰਣ, ਲੋਹੇ ਦਾ ਪਿੰਡ ਜਿਸ ਉਤੇ ਸੁਨਿਆਰ ਠੰਡਾ ਜਾਂ ਤੱਤਾ ਸੋਨਾ ਰੱਖਕੇ ਹਥੌੜੇ ਨਾਲ ਉਸ ਨੂੰ ਕੁੱਟਦਾ ਹੈ

ਮਤਿ, *(ਮੱਤ)* **ਵੇਦੁ** *(ਵੇਦ)* **ਹਥੀਆਰੁ** *(ਹਥੀਆਰ)* ॥
ਬੁੱਧੀ, ਅਕਲ ਗਿਆਨ ਹਥੌੜਾ

...ਬੁੱਧੀ ਅਹਿਰਣ ਹੋਵੇ ਅਤੇ ਗਿਆਨ ਦਾ ਹਥੌੜਾ (ਚਲੇ)...

ਭਉ *(ਭ ਓ)* **ਖਲਾ,**
ਪਰਮਾਤਮਾ ਦਾ ਨਿਰਮਲ ਭੈ ਧੌਂਕਣੀ, ਫੂਕ ਮਾਰਕੇ ਅੱਗ ਜਗਾਉਣ ਵਾਲਾ ਔਜ਼ਾਰ

ਅਗਨਿ *(ਅਗਨ)* **ਤਪ** **ਤਾਉ** *(ਤਾ ਓ)* ॥
ਅਗਨੀ ਸਾਧਨਾ, ਤਪੱਸਿਆ ਤਪ ਕਰਨ ਦੀ ਕ੍ਰਿਆ

...ਪਰਮਾਤਮਾ ਦੇ ਨਿਰਮਲ ਭੈ ਦੀ ਧੌਂਕਣੀ ਹੋਵੇ, ਅਤੇ ਤਪ-ਸਾਧਨਾ ਕਰਨ ਦੀ ਕ੍ਰਿਆ ਅਗਨੀ ਹੋਵੇ।...

ਭਾਂਡਾ **ਭਾਉ** *(ਭਾ ਓ)*
ਬਰਤਨ, ਕੁਠਾਲੀ ਪ੍ਰੇਮ, ਪਿਆਰ

ਅੰਮ੍ਰਿਤੁ *(ਅੰਮ ਰਿਤ)* **ਤਿਤੁ** *(ਤਿਤ)* **ਢਾਲਿ** *(ਢਾਲ)* ॥
ਸੁਧਾ, (ਹਰਿ-ਨਾਮ ਰੂਪੀ ਅੰਮ੍ਰਿਤ) ਉਸ ਵਿਚ ਪਿਘਲਾ ਕੇ

...(ਪਰਮਾਤਮ) ਪਿਆਰ ਰੂਪੀ ਕੁਠਾਲੀ ਵਿਚ, (ਹਰਿ-ਨਾਮ ਰੂਪੀ) ਅੰਮ੍ਰਿਤ ਢਾਲ ਕੇ...

ਘੜੀਐ **ਸਬਦੁ,** *(ਸ਼ਬਦ)* **ਸਚੀ** *(ਸੱਚੀ)* **ਟਕਸਾਲ ॥**
ਘੜੀਦਾ ਹੈ ਗੁਰ-ਸ਼ਬਦ ਸੱਚ ਦੀ ਸਿੱਕੇ/ਟਕੇ ਬਣਾਉਣ ਦਾ ਘਰ

...(ਇਹੋ ਜਿਹੀ) ਸੱਚੀ ਟਕਸਾਲ ਵਿਚ ਗੁਰ-ਸ਼ਬਦ ਰੂਪੀ (ਸਿੱਕਾ) ਘੜੀਦਾ ਹੈ।...

ਜਿਨ *(ਜਿਨ੍ਹ)* **ਕਉ,** *(ਕ ੳ)* **ਨਦਰਿ** *(ਨਦਰ)*
ਜਿਨ੍ਹਾਂ ਨੂੰ ਨਜ਼ਰ

ਕਰਮੁ, *(ਕਰਮ)* **ਤਿਨ** *(ਤਿਨ੍ਹ)* **ਕਾਰ ॥**
ਬਖਸ਼ਿਸ਼ ਤਿਨ੍ਹਾਂ ਨੂੰ ਕਰਮ

...ਇਸ (ਸੱਚੀ ਟਕਸਾਲ ਵਿਚ, ਗੁਰ-ਸ਼ਬਦ ਨੂੰ ਘੜਨ ਦੀ) ਕਾਰ, ਉਨ੍ਹਾਂ (ਧਰਮ-ਸਾਧਕਾਂ ਨੇ ਕੀਤੀ ਹੁੰਦੀ ਹੈ) ਜਿਨ੍ਹਾਂ ਉੱਤੇ (ਪਰਮਾਤਮ) ਬਖਸ਼ਿਸ਼ ਦੀ ਕ੍ਰਿਪਾ-ਦ੍ਰਿਸ਼ਟੀ ਹੋਵੇ।...

ਨਾਨਕ, **ਨਦਰੀ**
ਹੇ ਨਾਨਕ! ਮਿਹਰ ਦੀ ਨਜ਼ਰ ਵਾਲਾ ਪ੍ਰਭੂ

ਨਦਰਿ *(ਨਦਰ)* **ਨਿਹਾਲ** *(ਨੈਹਾਲ)* **॥੩੮॥**
ਨਜ਼ਰ, ਦ੍ਰਿਸ਼ਟੀ ਅਨੰਦਿਤ, ਪ੍ਰਸੰਨ

...ਹੇ ਨਾਨਕ! ਮਿਹਰ ਦੀ ਨਜ਼ਰ ਕਰਨ ਵਾਲੇ, (ਉਸ ਅਕਾਲ ਪੁਰਖ਼) ਦੀ ਕ੍ਰਿਪਾ-ਦ੍ਰਿਸ਼ਟੀ ਦੁਆਰਾ (ਸਚਿਆਰ-ਪੁਰਸ਼) ਨਿਹਾਲ ਨਿਹਾਲ ਹੋ ਜਾਂਦੇ ਹਨ।

ਸਲੋਕੁ *(ਸਲੋਕ)* ॥

ਪਵਣੁ *(ਪਵਣ)* **ਗੁਰੂ,** **ਪਾਣੀ** *(ਪਾਣੀਂ)* **ਪਿਤਾ,**
ਪਉਣ ਜੀਵਨ ਆਧਾਰ ਜਲ ਬਾਪ

ਮਾਤਾ **ਧਰਤਿ** *(ਧਰਤ)* **ਮਹਤੁ** *(ਮਹੱਤ)* ॥
ਮਾਂ ਧਰਤੀ, ਭੂਮੀ ਵੱਡੀ, ਮਹਾਨ

(ਜੀਵਾਂ ਲਈ) ਪਉਣ, ਗੁਰੂ ਸਮਾਨ (ਭਾਵ ਜੀਵਨ-ਆਧਾਰ) ਹੈ, ਜਲ ਪਿਤਾ ਸਮਾਨ ਹੈ, ਅਤੇ ਧਰਤੀ ਸਭਨਾਂ ਦੀ (ਪਾਲਣਹਾਰ) ਵੱਡੀ ਮਾਂ ਹੈ।...

ਦਿਵਸੁ *(ਦਿਵਸ)* **ਰਾਤਿ** *(ਰਾਤ)* **ਦੁਇ,** *(ਦੋਏ)*
ਦਿਨ ਰਾਤ ਦੋਵੇਂ

ਦਾਈ **ਦਾਇਆ,** *(ਦਾਏਆ)*
ਖਿਡਾਵੀ ਖਿਡਾਵਾ

ਖੇਲੈ **ਸਗਲ** **ਜਗਤੁ** *(ਜਗਤ)* ॥
ਖੇਡ ਰਿਹੈ ਸਾਰਾ ਸੰਸਾਰ

...ਦਿਨ ਅਤੇ ਰਾਤ ਦੋਵੇਂ ਖਿਡਾਵੀ ਅਤੇ ਖਿਡਾਵਾ ਹਨ (ਜਿਨ੍ਹਾਂ ਦੇ ਹੱਥਾਂ ਵਿਚ) ਸਗਲ ਸੰਸਾਰ ਖੇਡ ਰਿਹਾ ਹੈ। (ਭਾਵ ਇਸ ਸੰਸਾਰ ਲੀਲ੍ਹਾ ਵਿਚ ਹਰ ਕੋਈ ਪਰਚਿਆ ਹੋਇਆ ਹੈ, ਅਤੇ ਆਪੋ ਆਪਣੀ ਪਾਤਰਤਾ ਨਿਭਾ ਰਿਹਾ ਹੈ)।...

ਚੰਗਿਆਈਆ *(ਚੰਗੇਆਈਆਂ)* **ਬੁਰਿਆਈਆ,** *(ਬੁਰੇਆਈਆਂ)*
ਚੰਗੇ ਕਰਮ ਬੁਰੇ ਕਰਮ

ਵਾਚੈ **ਧਰਮੁ,** *(ਧਰਮ)* **ਹਦੂਰਿ** *(ਹਦੂਰ)* ॥
ਵਾਚਦਾ ਹੈ ਧਰਮ ਰਾਜ ਹਜ਼ੂਰੀ ਵਿਚ

...(ਜੀਵਾਂ ਦੇ) ਚੰਗੇ ਅਤੇ ਮਾੜੇ ਕਰਮਾਂ ਨੂੰ ਧਰਮ-ਰਾਜ (ਅਕਾਲ ਪੁਰਖ) ਦੀ ਹਜ਼ੂਰੀ ਵਿਚ ਵਾਚਦਾ ਹੈ, ਭਾਵ ਉਨ੍ਹਾਂ ਨੂੰ ਪਰਖ਼ਦਾ ਹੈ।...

ਕਰਮੀ *(ਕਰਮੀਂ)* **ਆਪੋ** **ਆਪਣੀ,** *(ਆਪਣੀਂ)* **ਕੇ**
ਕਰਮਾਂ ਅਨੁਸਾਰ ਆਪਣੇ ਆਪ ਦੀ ਕਈ

ਨੇੜੈ **ਕੇ** **ਦੂਰਿ** *(ਦੂਰ)* ॥
ਨਜ਼ਦੀਕ ਕਈ ਦੂਰ, ਦੂਰੀ ਤੇ, ਵਿੱਥ

...ਆਪੋ ਆਪਣੇ ਕਰਮਾਂ ਅਨੁਸਾਰ ਕਈ (ਜੀਵ, ਕਰਤਾ-ਪੁਰਖ ਦੇ) ਨਜ਼ਦੀਕ ਹਨ ਅਤੇ ਕਈ ਦੂਰ ਹਨ।...

ਜਿਨੀ *(ਜਿਨ ਹੀਂ)* **ਨਾਮੁ** *(ਨਾਮ)* **ਧਿਆਇਆ,** *(ਧੵਿਆ ਏਆ)*
ਜਿਨ੍ਹਾਂ ਨੇ ਹਰਿ-ਨਾਮ ਸਿਮਰਿਆ

ਗਏ **ਮਸਕਤਿ** *(ਮਸ਼ੱਕਤ)* **ਘਾਲਿ** *(ਘਾਲ)* ॥
ਰਵਾਨਾ ਹੋਏ, ਚਲੇ ਗਏ ਮਿਹਨਤ, ਸੇਵਾ ਸਾਧਨਾ ਘਾਲਣਾ, ਕਮਾਈ

...ਜਿਨ੍ਹਾਂ (ਧਰਮ-ਸਾਧਕਾਂ ਨੇ) ਹਰਿ-ਨਾਮ ਸਿਮਰਨ ਕੀਤਾ, (ਸਮਝੋ ਉਹ ਬੰਦਗੀ ਵਾਲੀ) ਕਰੜੀ ਘਾਲ-ਕਮਾਈ ਕਰਕੇ (ਇਸ ਸੰਸਾਰ ਤੋਂ) ਗਏ...

ਨਾਨਕ, **ਤੇ** **ਮੁਖ** **ਉਜਲੇ,** *(ਉੱਜਲੇ)*
ਹੇ ਨਾਨਕ! ਉਨ੍ਹਾਂ ਦੇ ਮੂੰਹ ਉਜੵਲ,

ਕੇਤੀ **ਛੁਟੀ** *(ਛੁੱਟੀ)* **ਨਾਲਿ** *(ਨਾਲ)* ॥੧॥
ਕਿਤਨੇ ਹੀ ਛੁੱਟ ਗਏ, ਮੁਕਤ ਹੋ ਗਏ ਸਾਥ, ਸੰਗਤ ਵਿਚ

...ਹੇ ਨਾਨਕ! ਉਨ੍ਹਾਂ (ਸਚਿਆਰ-ਪਰਸ਼ਾਂ ਦੇ) ਮੁਖ (ਸਦਾ, ਪ੍ਰਭੂ ਦਰ ਤੇ) ਉਜੵਲ ਹੁੰਦੇ ਹਨ। (ਅਜਿਹੇ ਸੱਤ-ਪੁਰਸ਼ਾਂ ਨਾਲ ਹੋਰ ਵੀ) ਕਿਤਨੇ ਹੀ (ਜੀਵ) ਉਨ੍ਹਾਂ ਦੀ ਸੰਗਤ ਵਿਚ (ਸੰਸਾਰ ਦੇ ਮਾਇਆਵੀ ਬੰਧਨਾਂ ਤੋਂ) ਮੁਕਤ ਹੋ ਜਾਂਦੇ ਹਨ।